ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

To view our online newspaper visit punjabipost.ca/epaper | Vol 20*Issue 134 | Wednesday, July 07, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਜੂਨ ਦੇ ਅੰਤ ਤੱਕ 1·3 ਮਿਲੀਅਨ ਕੈਨੇਡੀਅਨਜ਼ ਨੇ ਕੋਵਿਡ-19 ਵੈਕਸੀਨਜ਼ ਦੇ ਮਿਕਸ ਸ਼ੌਟ ਲਵਾਏ



ਓਟਵਾ, 6 ਜੁਲਾਈ (ਪੋਸਟ ਬਿਊਰੋ) : ਵੈਕਸੀਨੇਸ਼ਨ ਬਾਰੇ ਹੈਲਥ ਕੈਨੇਡਾ ਦੀ ਹਫਤਾਵਾਰੀ ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਜੂਨ ਵਿੱਚ ਆਪਣੇ ਕੋਵਿਡ-19 ਵੈਕਸੀਨੇਸ਼ਨ ਸ਼ਡਿਊਲ ਤਹਿਤ 1·3 ਮਿਲੀਅਨ ਕੈਨੇਡੀਅਨਜ਼ ਨੇ ਮਿਕਸਡ ਡੋਜ਼ ਲਵਾਉਣ ਦਾ ਫੈਸਲਾ ਕੀਤਾ।

ਸੋਮਵਾਰ ਨੂੰ ਪਬਲਿਸ਼ ਹੋਈ ਇਸ ਰਿਪੋਰਟ ਵਿੱਚ ਆਖਿਆ ਗਿਆ ਕਿ 31 ਮਈ ਤੇ 26 ਜੂਨ ਦਰਮਿਆਨ ਆਪਣਾ ਦੂਜਾ ਸ਼ੌਟ ਲਵਾਉਣ ਵਾਲੇ 6·5 ਮਿਲੀਅਨ ਲੋਕਾਂ ਵਿੱਚੋਂ ਹਰੇਕ ਪੰਜ ਵਿੱਚੋਂ ਇੱਕ ਨੇ ਆਪਣ ਪਹਿਲੇ ਸ਼ੌਟ ਵਿੱਚ ਵਰਤੀ ਗਈ ਵੈਕਸੀਨ ਨਾਲੋਂ ਦੂਜੀ ਵਾਰੀ ਵੱਖਰੀ ਵੈਕਸੀਨ ਦਾ ਸ਼ੌਟ ਲਵਾਇਆ। ਕੁੱਝ ਪ੍ਰੋਵਿੰਸਾਂ ਨੇ ਦੋ ਐਮਆਰਐਨਏ ਵੈਕਸੀਨਜ਼ ਫਾਈਜ਼ਰ-ਬਾਇਓਐਨਟੈਕ ਤੇ ਮੌਡਰਨਾ ਨੂੰ ਅਪਰੈਲ ਵਿੱਚ ਹੀ ਮਿਕਸ ਕਰਕੇ ਦੇਣਾ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਪ੍ਰੋਵਿੰਸਾਂ ਨੇ ਜਿਹੜੀ ਸਪਲਾਈ ਮਿਲਦੀ ਸੀ ਉਸ ਹਿਸਾਬ ਨਾਲ ਟੀਕੇ ਲਾਏ।

ਇਹ ਰੁਝਾਨ ਜੂਨ ਦੇ ਤੀਜੇ ਮਹੀਨੇ ਵਿੱਚ ਉਦੋਂ ਆਮ ਹੋ ਗਿਆ ਜਦੋਂ ਫਾਈਜ਼ਰ ਵੱਲੋਂ ਵੈਕਸੀਨ ਦੀ ਖੇਪ ਪਹੁੰਚਾਉਣ ਵਿੱਚ ਹੋਈ ਦੇਰ ਤੋਂ ਬਾਅਦ ਕੁੱਝ ਦਿਨਾਂ ਲਈ ਪ੍ਰੋਵਿੰਸਾਂ ਨੇ ਮੌਡਰਨਾ ਹੀ ਲਾਉਣੀ ਸ਼ੁਰੂ ਕਰ ਦਿੱਤੀ ਸੀ। ਦੋ ਤਰ੍ਹਾਂ ਦੀਆਂ ਵੈਕਸੀਨਜ਼ ਮਿਕਸ ਕਰਨ ਦਾ ਸਿਲਸਿਲਾ ਜੂਨ ਦੇ ਸ਼ੁਰੂ ਵਿੱਚ ਹੀ ਅਮਲ ਵਿੱਚ ਲਿਆਂਦਾ ਗਿਆ। ਇਹ ਰੁਝਾਨ ਉਸ ਸਮੇਂ ਸ਼ੁਰੂ ਹੋਇਆ ...ਬਾਕੀ ਪੰਨਾ 5 'ਤੇ

## ਟੋਰਾਂਟੋ ਵਿੱਚ ਖਾਲੀ ਪਏ ਘਰਾਂ ਦੇ ਮਾਲਕਾਂ ਨੂੰ ਦੇਣਾ ਪੈ ਸਕਦਾ ਹੈ ਨਵਾਂ ਟੈਕਸ !



ਟੋਰਾਂਟੋ, 6 ਜੁਲਾਈ (ਪੋਸਟ ਬਿਊਰੋ) : ਟੋਰਾਂਟੋ ਵਿੱਚ ਜਿਨ੍ਹਾਂ ਲੋਕਾਂ ਦੇ ਘਰ ਖਾਲੀ ਪਏ ਹਨ ਉਨ੍ਹਾਂ ਨੂੰ ਨਵੇਂ ਟੈਕਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਜਿਹ ਹਾਊਸਿੰਗ ਮਾਰਕਿਟ ਨੂੰ ਠੰਢਾ ਕਰਨ ਲਈ ਕੀਤਾ ਜਾ ਸਕਦਾ ਹੈ।

ਮੰਗਲਵਾਰ ਨੂੰ ਸਿਟੀ ਕਾਊਂਸਲ ਦੀ ਐਗਜ਼ੈਕਟਿਵ ਕਮੇਟੀ ਨੇ ਅਜਿਹੇ ਟੈਕਸ ਡਿਜ਼ਾਈਨ ਤੇ ਉਸ ਨੂੰ ਲਾਗੂ ਕਰਨ ਦੀ ਯੋਜਨਾ ਨੂੰ ਮਨਜ਼ੂਰੀ ਦਿੱਤੀ ਹੈ ਜਿਹੜਾ ਟੋਰਾਂਟੋ ਵਿੱਚ ਖਾਲੀ ਪਏ ਘਰਾਂ ਲਈ ਤਿਆਰ ਕੀਤਾ ਗਿਆ ਹੈ ਤੇ ਜਿਹੜਾ 2022 ਵਿੱਚ ਸ਼ੁਰੂ ਹੋਵੇਗਾ। ਇੱਕ ਨਿਊਜ਼ ਰਲੀਜ਼ ਵਿੱਚ ਸਿਟੀ ਨੇ ਆਖਿਆ ਕਿ ਇਸ ਟੈਕਸ ਦਾ ਅਸਲ ਮਕਸਦ ਖਾਲੀ ਪਏ ਘਰਾਂ ਦੇ ਮਾਲਕਾਂ ਨੂੰ ਘਰ ਕਿਰਾਏ ਉੱਤੇ ਦੇਣ ਜਾਂ ਇਸ ਤਰ੍ਹਾਂ ਖਾਲੀ ਪਏ ਘਰਾਂ ਨੂੰ ਵੇਚਣ ਲਈ ਹੱਲਾਸ਼ੇਰੀ ਦੇਣਾ ਹੈ। ਇਸ ਨਾਲ ਘਰਾਂ ਦੀ ਤਾਦਾਦ ਵਿੱਚ ਵਾਧਾ ਹੋ ਸਕਦਾ ਹੈ।

ਜੇ ਇਸ ਨੂੰ ਸਿਟੀ ਕਾਊਂਸਲ ਵੱਲੋਂ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਇਸ ਟੈਕਸ ਲਈ ਬਾਇਲਾਅ ਪਹਿਲੀ ਜਨਵਰੀ, 2022 ਵਿੱਚ ਪ੍ਰਭਾਵੀ ਹੋ ਜਾਵੇਗਾ। ਸਿਟੀ ਅਨੁਸਾਰ ਸ਼ੁਰੂਆਤੀ ਟੈਕਸ ਦਰ ਉਸ ਸਾਲ ਵਿੱਚ ਪ੍ਰਾਪਰਟੀ ਦੀ ਮੌਜੂਦਾ ਵੈਲਿਊ ਅਸੈੱਸਮੈਂਟ (ਸੀ ਵੀ ਏ) ਦਾ ਇੱਕ ਫੀ ਸਦੀ ਹੋਵੇਗੀ, ਜਿਸ ਦੌਰਾਨ ਉਹ ਘਰ ਖਾਲੀ ਰਿਹਾ।

## ਐਮ ਐਮ ਐਫ ਤੇ ਕੈਨੇਡਾ ਸਰਕਾਰ ਨੇ ਮੈਟਿਸ ਲੋਕਾਂ ਦੇ ਸੈਲਫ ਗਵਰਮੈਂਟ ਦੇ ਅਧਿਕਾਰ ਉੱਤੇ ਲਾਈ ਮੋਹਰ

ਵਿਨੀਪੈਗ, 6 ਜੁਲਾਈ (ਪੋਸਟ ਬਿਊਰੋ) : ਮੈਨੀਟੋਬਾ ਮੈਟਿਸ ਫੈਡਰੇਸ਼ਨ (ਐਮ ਐਮ ਐਫ) ਤੇ ਕੈਨੇਡਾ ਸਰਕਾਰ ਨੇ ਮੰਗਲਵਾਰ ਨੂੰ ਇੱਕ ਇਤਿਹਾਸਕ ਕਦਮ ਚੁੱਕਦਿਆਂ ਮੈਨੀਟੋਬਾ ਮੈਟਿਸ ਲੋਕਾਂ ਦੇ ਸੈਲਫ ਗਵਰਮੈਂਟ ਦੇ ਅਧਿਕਾਰ ਉੱਤੇ ਮੋਹਰ ਲਾਈ।

ਮੰਗਲਵਾਰ ਨੂੰ ਐਮ ਐਮ ਐਫ ਤੇ ਕੈਨੇਡਾ ਨੇ ਮੈਨੀਟੋਬਾ ਮੈਟਿਸ ਸੈਲਫ ਗਵਰਮੈਂਟ ਰਿਕੋਗਨੀਸ਼ਨ ਐਂਡ ਇੰਪਲੀਮੈਂਟੇਸ਼ਨ ਅਗਰੀਮੈਂਟ ਉੱਤੇ ਦਸਤਖ਼ਤ ਕੀਤੇ। ਇਸ ਸਮਝੌਤੇ ਨੂੰ ਦੋਵਾਂ ਪਾਰਟੀਆਂ ਵੱਲੋਂ ਤਿਆਰ ਕੀਤਾ ਗਿਆ ਹੈ। ਇਸ ਤਹਿਤ ਮੈਨੀਟੋਬਾ ਦੇ ਮੈਟਿਸ ਲੋਕਾਂ ਦੇ ਸੈਲਫ ਗਵਰਮੈਂਟ ਦੇ ਅਧਿਕਾਰ ਨੂੰ ਮਾਨਤਾ ਦਿੱਤੀ ਗਈ ਹੈ। ਇਸ ਦੇ ਨਾਲ ਹੀ ਮੈਨੀਟੋਬਾ ਮੈਟਿਸ ਨੇਸ਼ਨ ਦੀ ਸਰਕਾਰ ਦੇ ਐਮ ਐਮ ਐਫ ਦੇ ਰੋਲ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ।



ਇਸ ਦੌਰਾਨ ਮੈਨੀਟੋਬਾ ਦੇ ਮੈਟਿਸ ਲੋਕਾਂ ਦੇ ਪੱਖ ਉੱਤੇ ਨਾਗਰਿਕਤਾ, ਲੀਡਰਸ਼ਿਪ ਦੀ ਚੋਣ ਕਰਨਾ, ਚੋਣਾਂ ਕਰਵਾਉਣਾ ਤੇ ਆਪਣੀ ਸਰਕਾਰ ਦੇ ਕੰਮਕਾਜ ਨੂੰ ਸਹੀ ਢੰਗ ਨਾਲ ਚਲਾਉਣ ਲਈ ਐਮ ਐਮ ਐਫ ਦੀ ਅਥਾਰਟੀ ਉੱਤੇ ਵੀ ਮੋਹਰ ਲਾਈ ਗਈ ਹੈ। ਐਮ ਐਮ ਐਫ ਦੇ ਪ੍ਰੈਜ਼ੀਡੈਂਟ ਡੇਵਿਡ ਚਾਰਟਰੈਂਡ ਨੇ ਆਖਿਆ ਕਿ ਇਸ ਸਮਝੌਤੇ ਨਾਲ ਹੀ ਇਨਸਾਫ ਹਾਸਲ ਹੋ ਸਕਦਾ ਹੈ। ਉਨ੍ਹਾਂ ਆਖਿਆ ਕਿ ਸਾਡੀ ਆਪਣੀ ਸਰਕਾਰ ਸ਼ੁਰੂ ਤੋਂ ਹੀ ਰਹੀ ਹੈ ਤੇ ਸਾਡਾ ਇਹ ਅਧਿਕਾਰ ਸਾਡੇ ਤੋਂ ਕੋਈ ਖੋਹ ਨਹੀਂ ਸਕਦਾ।

## ਆਪਣੇ ਸਟਾਫ ਦਾ ਟੀਕਾਕਰਣ ਯਕੀਨੀ ਬਣਾਉਣ ਲਈ ਕੈਨੇਡਾ ਨੇ ਕੋਵਿਡ-19 ਵੈਕਸੀਨ 134 ਡਿਪਲੋਮੈਟਿਕ ਮਿਸ਼ਨਜ਼ ਨੂੰ ਭੇਜੀ

ਓਟਵਾ, 6 ਜੁਲਾਈ (ਪੋਸਟ ਬਿਊਰੋ) : ਫੈਡਰਲ ਸਰਕਾਰ ਨੇ ਆਪਣੇ ਮਿਲਟਰੀ ਜਹਾਜ਼ਾਂ ਤੇ ਕੋਰੀਅਰਜ਼ ਦੀ ਵਰਤੋਂ ਕਰਦਿਆਂ ਹੋਇਆਂ ਹਜ਼ਾਰਾਂ ਦੀ ਗਿਣਤੀ ਵਿੱਚ ਕੋਵਿਡ-19 ਵੈਕਸੀਨ ਡੋਜ਼ਾਂ ਕੈਨੇਡਾ ਦੇ 134 ਡਿਪਲੋਮੈਟਿਕ ਮਿਸ਼ਨਜ਼ ਨੂੰ ਭੇਜੀਆਂ ਹਨ। ਕੈਨੇਡਾ ਵੱਲੋਂ ਅਜਿਹਾ ਇਸ ਲਈ ਵੀ ਕੀਤਾ ਗਿਆ ਮੰਨਿਆ ਜਾ ਰਿਹਾ ਹੈ ਤਾਂ ਕਿ ਵਿਦੇਸ਼ਾਂ ਵਿੱਚ ਵੱਸਦੇ ਇਸ ਦੇ ਸਟਾਫ ਤੇ ਉਨ੍ਹਾਂ ਦੇ ਪਰਿਵਾਰਾਂ ਦਾ ਵੀ ਟੀਕਾਕਰਣ ਯਕੀਨੀ ਬਣਾਇਆ ਜਾ ਸਕੇ।

ਸਰਕਾਰ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਇਹ ਕਾਨੂੰਨੀ ਫਰਜ਼ ਬਣਦਾ ਹੈ ਕਿ ਵਿਦੇਸ਼ਾਂ ਵਿੱਚ ਰਹਿ ਰਹੇ ਉਨ੍ਹਾਂ ਦੇ ਸਟਾਫ ਦੀ ਹੈਲਥ ਕੇਅਰ ਯਕੀਨੀ ਬਣਾਈ ਜਾ ਸਕੇ। ਇਸ ਵਿੱਚ



ਵੈਕਸੀਨੇਸ਼ਨ ਵੀ ਆਉਂਦੀ ਹੈ। ਜਿਹੜੇ ਹੈਲਥ ਸਮਾਜ ਸੇਵਕ ਘੱਟ ਆਮਦਨ ਵਾਲੇ ਮੁਲਕਾਂ ਵਿੱਚ ਕੰਮ ਕਰ ਰਹੇ ਹਨ ਉਨ੍ਹਾਂ ਦੀ ਵੈਕਸੀਨੇਸ਼ਨ ਦੀ ਵੀ ਸਰਕਾਰ ਨੂੰ ਚਿੰਤਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਹੁਣ ਤੱਕ 69 ਫੀ ਸਦੀ ਕੈਨੇਡੀਅਨਜ਼ ਨੂੰ ਵੈਕਸੀਨ ਦੀ ਘੱਟੋ ਘੱਟ ਇੱਕ ਡੋਜ਼ ਲੱਗ ਚੁੱਕੀ ਹੈ ਜਦਕਿ 3 ਫੀ ਸਦੀ ਅਫਰੀਕਨਜ਼ ਨੂੰ ਵੈਕਸੀਨੇਸ਼ਨ ਲੱਗੀ ਹੈ। ਦੁਨੀਆ ਦੇ ਕਈ ਗਰੀਬ ਦੇਸ਼ਾਂ ਵਿੱਚ ਤਾਂ ਅਜੇ ਸਿਰਫ ਇੱਕ ਫੀ ਸਦੀ ਲੋਕਾਂ ਦਾ ਹੀ ਟੀਕਾਕਰਣ ਹੋਇਆ ਹੈ। ਦੂਜੇ ਪਾਸੇ ਅਜਿਹੇ ਗਰੀਬ ਦੇਸ਼ਾਂ ਵਿੱਚ ਡੈਲਟਾ ਵੇਰੀਐਂਟ ਵੀ ਆਪਣੇ ਪੈਰ ਪਸਾਰ ਰਿਹਾ ਹੈ।

ਗਲੋਬਲ ਅਫੇਅਰਜ਼ ਕੈਨੇਡਾ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਆਪਣੀਆਂ 75 ਫੀ ਸਦੀ ਅੰਬੈਸੀਜ਼ ਤੇ ਵਿਦੇਸ਼ਾਂ ਵਿੱਚ ਜਾਰੀ ਹੋਰ ਮਿਸ਼ਨਜ਼ ਲਈ ਵੈਕਸੀਨ ਭੇਜ ਦਿੱਤੀ ਗਈ ਹੈ। ਇਸ ਵਿੱਚ ਪਹਿਲ ਉਨ੍ਹਾਂ ਦੇਸ਼ਾਂ ਨੂੰ ਦਿੱਤੀ ਗਈ ਹੈ ਜਿੱਥੇ ਕੈਨੇਡਾ ਵੱਲੋਂ ਮਨਜ਼ੂਰਸ਼ੁਦਾ ਵੈਕਸੀਨਜ਼ ਤੱਕ ਪਹੁੰਚ ਨਹੀਂ ਹੈ ਜਾਂ ਜਿੱਥੇ ਟੀਕਾਕਰਣ ਦੀ ਰਫਤਾਰ ਕੈਨੇਡਾ ਨਾਲੋਂ ਮੱਠੀ ਹੈ।

## ਮੈਰੀ ਸਾਈਮਨ ਨੂੰ ਕੈਨੇਡਾ ਦੀ ਪਹਿਲੀ ਮੂਲਵਾਸੀ ਗਵਰਨਰ ਜਨਰਲ ਵਜੋਂ ਕੀਤਾ ਗਿਆ ਡੈਜ਼ੀਗਨੇਟ

ਓਟਵਾ, 6 ਜੁਲਾਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮੰਗਲਵਾਰ ਨੂੰ ਕੀਤੇ ਗਏ ਐਲਾਨ ਅਨੁਸਾਰ ਇਨੁਕ ਆਗੂ ਮੈਰੀ ਸਾਈਮਨ ਕੈਨੇਡਾ ਦੀ 30ਵੀਂ ਗਵਰਲਰ ਜਨਰਲ ਹੋਵੇਗੀ। ਇਸ ਭੂਮਿਕਾ ਨੂੰ ਨਿਭਾਉਣ ਵਾਲੀ ਉਹ ਦੇਸ਼ ਦੀ ਪਹਿਲੀ ਮੂਲਵਾਸੀ ਮਹਿਲਾ ਹੋਵੇਗੀ।

ਪਾਰਲੀਆਮੈਂਟ ਹਿੱਲ ਦੇ ਲਾਗੇ ਕੈਨੇਡੀਅਨ ਮਿਊਜ਼ੀਅਮ ਆਫ ਹਿਸਟਰੀ ਵਿਖੇ ਐਲਾਨ ਕਰਦਿਆਂ ਟਰੂਡੋ ਨੇ ਆਖਿਆ ਕਿ ਕੈਨੇਡਾ ਅਜਿਹੀ ਥਾਂ ਹੈ ਜਿਸ ਨੂੰ ਲੋਕਾਂ ਵੱਲੋਂ ਪਰਿਭਾਸ਼ਤ ਕੀਤਾ ਗਿਆ ਹੈ। ਇੱਥੋਂ ਦੇ ਲੋਕ ਆਪਣੇ ਆਲੇ ਦੁਆਲੇ ਵਾਲਿਆਂ ਦਾ ਖਿਆਲ ਰੱਖਦੇ ਹਨ, ਜਿਹੜੇ ਬਿਹਤਰ ਭਵਿੱਖ ਦੇ ਨਿਰਮਾਣ ਲਈ ਅਣਥੱਕ



ਮਿਹਨਤ ਕਰਦੇ ਹਨ। ਦੂਜੇ ਸ਼ਬਦਾਂ ਵਿੱਚ ਲੋਕ ਮੈਰੀ ਸਾਈਮਨ ਨੂੰ ਪਸੰਦ ਕਰਦੇ ਹਨ। ਟਰੂਡੋ ਨੇ ਅੱਗੇ ਆਖਿਆ ਕਿ ਅੱਜ 154 ਸਾਲ ਬਾਅਦ ਦੇਸ਼ ਨੇ ਇਤਿਹਾਸਕ ਕਦਮ ਚੁੱਕਿਆ ਹੈ। ਇਸ ਸਮੇਂ ਇਨ੍ਹਾਂ ਤੋਂ ਬਿਹਤਰ ਇਨਸਾਨ ਨੂੰ ਇਸ ਅਹੁਦੇ ਉੱਤੇ ਬਿਠਾਉਣ ਬਾਰੇ ਨਹੀਂ ਸੋਚਿਆ ਜਾ ਸਕਦਾ। ਉਨ੍ਹਾਂ ਆਖਿਆ ਕਿ ਸਾਈਮਨ ਇਸ ਅਹੁਦੇ ਉੱਤੇ ਬੈਠ ਕੇ ਕਈ ਲੋਕਾਂ ਨੂੰ ਸਹੀ ਰਾਹ ਦਿਖਾਵੇਗੀ ਤੇ ਅਸੀਂ ਇੱਕ ਵਾਰੀ ਮੁੜ ਮਜ਼ਬੂਤ ਹੋ ਕੇ ਉਭਰਾਂਗੇ।

ਟਰੂਡੋ ਦੀ ਸਿਫਾਰਿਸ਼ ਉੱਤੇ ਮਹਾਰਾਣੀ ਐਲਿਜ਼ਾਬੈੱਥ ਵੱਲੋਂ ਇਸ ਨਿਯੁਕਤੀ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਸਮੇਂ ...ਬਾਕੀ ਪੰਨਾ 5 'ਤੇ


Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
•Life Insurance •Critical illness Ins •Travel & Visitor Ins •RESP & TFSA & RRSP
•Super Visa Insurance •Mortgage Insurance •Disability Insurance •Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axel InsuranceBrokers Ltd. 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps •Cockroaches •Carpenter Ants •Silver Fish •Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | AvonFinancial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance, Walkie pallet, Electric Motor, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
10GB
$50/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਡਾਊਨਟਾਊਨ ਟੋਰਾਂਟੋ ਵਿੱਚ ਹੋਈ ਲੜਾਈ ਤੋਂ ਬਾਅਦ ਇੱਕ ਗ੍ਰਿਫਤਾਰ

ਟੋਰਾਂਟੋ, 6 ਜੁਲਾਈ (ਪੋਸਟ ਬਿਊਰੋ) :ਡਾਊਨਟਾਊਨ ਟੋਰਾਂਟੋ ਵਿੱਚ ਰਾਤੀਂ ਹੋਈ ਲੜਾਈ ਤੋਂ ਬਾਅਦ ਪੁਲਿਸ ਨੂੰ ਦਖਲਅੰਦਾਜ਼ੀ ਕਰਨੀ ਪਈ ਤੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

ਪੁਲਿਸ ਅਨੁਸਾਰ ਇਹ ਹਮਲਾ ਮੰਗਲਵਾਰ ਰਾਤ ਨੂੰ 2:00 ਵਜੇ ਦੇ ਨੇੜੇ ਤੇੜੇ ਸਿਟੀ ਦੇ ਪੱਛਮ ਵਿੱਚ ਹੋਇਆ। ਇਸ ਤੋਂ ਅੱਧੇ ਘੰਟੇ ਬਾਅਦ ਪੁਲਿਸ ਅਧਿਕਾਰੀਆਂ ਨੂੰ ਕਾਲਜ ਸਟਰੀਟ ਤੇ ਸਪੈਡਿਨਾ



ਐਵਨਿਊ ਨੇੜੇ ਇੱਕ ਗੱਡੀ ਵਿੱਚ ਮਸ਼ਕੂਕ ਮਿਲ ਗਿਆ। ਉਨ੍ਹਾਂ ਨੇ ਗੱਡੀ ਰੋਕਣ ਦੀ ਕੋਸ਼ਿਸ਼ ਕੀਤੀ ਪਰ ਮਸ਼ਕੂਕ ਫਰਾਰ ਹੋ ਗਿਆ। ਪੁਲਿਸ ਹੱਥੋਂ ਦੋ ਵਾਰੀ ਮਸ਼ਕੂਕ ਫਿਸਲਿਆ।

ਆਖਿਰਕਾਰ ਪੁਲਿਸ ਅਧਿਕਾਰੀ ਮਸ਼ਕੂਕ ਨੂੰ ਲੱਭਣ ਵਿੱਚ ਕਾਮਯਾਬ ਹੋ ਗਏ ਤੇ ਉਸ ਨੂੰ ਯੰਗ ਸਟਰੀਟ ਦੇ ਪੂਰਬ ਤੋਂ ਕੁਈਅਨਜ਼ ਕੁਏ ਤੇ ਫਰੀਲੈਂਡ ਸਟਰੀਟ ਤੋਂ ਕਾਬੂ ਕੀਤਾ ਗਿਆ। ਉਸ ਨੂੰ ਹਿਰਾਸਤ ਵਿੱਚ ਲੈਣ ਤੋਂ ਬਾਅਦ ਹਸਪਤਾਲ ਲਿਜਾਇਆ ਗਿਆ ਜਿੱਥੇ ਲੜਾਈ ਵਿੱਚ ਲੱਗੀਆਂ ਸੱਟਾਂ ਦਾ ਇਲਾਜ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ਇੱਕ ਪੁਲਿਸ ਅਧਿਕਾਰੀ ਨੂੰ ਵੀ ਗੋਡੇ ਉੱਤੇ ਸੱਟ ਲੱਗੀ ਹੈ।

# ਬਿੱਲ ਨਾ ਦੇਣ ’ਤੇ ਹਸਪਤਾਲ ਵੱਲੋਂ ਬੰਦੀ ਬਣਾਉਣ ਦਾ ਦੋਸ਼

ਜਲੰਧਰ, 6 ਜੁਲਾਈ (ਪੋਸਟ ਬਿਊਰੋ)- ਹਸਪਤਾਲ ਪ੍ਰਸ਼ਾਸਨ ਉੱਤੇ ਮਰੀਜ਼ ਦੇ ਇਲਾਜ ਦਾ ਬਿੱਲ ਦਾ ਭੁਗਤਾਨ ਨਾ ਕਰਨ ਉੱਤੇ ਮਾਂ ਅਤੇ ਬਿਮਾਰ ਬੇਟੇ ਨੂੰ ਬੰਦੀ ਬਣਾਉਣ ਦਾ ਦੋਸ਼ ਲੱਗਾ ਅਤੇ ਵਾਰਸਾਂ ਨੇ ਹੰਗਾਮਾ ਕੀਤਾ ਹੈ। ਓਧਰ ਡਾਕਟਰ ਨੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ। ਪੁਲਸ ਨੇ ਮੌਕੇ ਉੱਤੇਜਾ ਕੇ ਮਸਲਾ ਹੱਲ ਕਰਨ ਦੀ ਕੋਸ਼ਿਸ਼ ਕੀਤੀ। ਹਰਦੀਪ ਕੌਰ ਨੇ ਦੱਸਿਆ ਕਿ ਉਸ ਦੇ ਬੇਟੇ ਮਨੋਹਰ ਲਾਲ ਦੀ ਤੀਹ ਜੂਨ ਨੂੰ ਸਿਹਤ ਖਰਾਬ ਹੋ ਗਈ ਤਾਂ ਉਸ ਨੂੰ ਕਾਲੀਆ ਕਾਲੋਨੀ ਨੇੜੇ ਬੱਲ ਹਸਪਤਾਲ ਵਿੱਚ ਦਾਖਲ ਕਰਵਾਇਆ ਸੀ। ਇਥੇ ਦੋ ਦਿਨ ਬਾਅਦ ਉਸ ਨੂੰ ਛੁੱਟੀ ਦੇ ਦਿੱਤੀ ਗਈ ਅਤੇ ਹਸਪਤਾਲ ਨੇ ਲਗਭਗ 32 ਹਜ਼ਾਰ ਦਾ ਬਿੱਲ ਬਣਾ ਦਿੱਤਾ, ਜਿਹੜਾ ਦੇਣ ਵਿੱਚ ਉਹ ਅਸਮਰਥ ਸਨ। ਉਨ੍ਹਾਂ ਨੂੰ ਪਹਿਲਾਂ ਬਿੱਲ ਜਮ੍ਹਾਂ ਕਰਾਉਣ ਅਤੇ ਫਿਰ ਮਰੀਜ਼ ਲੈ ਜਾਣ ਨੂੰ ਕਿਹਾ ਗਿਆ। ਹਰਦੀਪ ਨੇ ਦੱਸਿਆ ਕਿ ਉਹ ਜਦੋਂ ਬੇਟੇ ਨੂੰ ਘਰ ਲਿਜਾ ਰਹੀ ਸੀ ਤਾਂ ਸੜਕ ਤੋਂ ਬੁਲਾ ਕੇ ਹਸਪਤਾਲ ਵਿੱਚ ਬੰਦੀ ਬਣਾ ਲਿਆ ਕੇ ਬਿੱਲ ਦੇਣ ਨੂੰ ਕਿਹਾ ਗਿਆ। ਨਾਲ ਹੀ ਉਨ੍ਹਾਂ ਨੇ ਹਸਪਤਾਲ ਪ੍ਰਸ਼ਾਸਨ ਉੱਤੇ ਪੀਣ ਲਈ ਪਾਣੀ ਨਾ ਦੇਣ ਅਤੇ ਜਿਸ ਕਮਰੇ ਵਿੱਚ ਮਰੀਜ਼ ਨੂੰ ਰੱਖਿਆ ਸੀ, ਉਸ ਦਾ ਪੱਖਾ ਵੀ ਬੰਦ ਕਰਨ ਦਾ ਦੋਸ਼ ਲਾਇਆ। ਮੌਕੇ ਉੱਤੇ ਹਸਪਤਾਲ ਨੇ ਪੁਲਸ ਬੁਲਾਈ ਤਾਂ ਪੁਲਸ ਨੇ ਵੀ ਪਰਵਾਰ ਨੂੰ ਬਿੱਲ ਦਾ ਭੁਗਤਾਨ ਕਰਨ ਦੀ ਗੱਲ ਕਹੀ ਅਤੇ ਚਲੀ ਗਈ। ਹਸਪਤਾਲ ਦੇ ਪ੍ਰਬੰਧਕ ਨਿਤਿਨ ਕੁਮਾਰ ਨੇ ਕਿਹਾ ਕਿ ਕਿਸੇ ਵੀ ਮਰੀਜ਼ ਜਾਂ ਉਸ ਦੇ ਪਰਵਾਰਕ ਮੈਂਬਰ ਨੂੰ ਬੰਦੀ ਨਹੀਂ ਬਣਾਇਆ ਗਿਆ ਅਤੇ ਨਾ ਸਹੂਲਤਾਂ ਤੋਂ ਵਾਂਝਾ ਕੀਤਾ ਸੀ। ਘਰਦਿਆਂ ਨੂੰ ਬਿੱਲ ਦਾ ਭੁਗਤਾਨ ਕਰਨ ਲਈ ਕਿਹਾ ਗਿਆ ਸੀ।

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca





ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936





Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor








For More Details Call: 416-970-5005/647-242-8667



Jas Toor
Sales Repersentative
Sutton
Sutton Group-Realty Experts
Brokerage*
Jagdish Grewal
Sales Repersentative
Century 21
President Realty Inc.
Brokerage*



## ਅੱਜ ਨਾਮਾ

ਆ ਗਿਆ ਏਧਰ ਚੌਟਾਲਾ ਬਈ ਜੇਲ੍ਹ ਵਿੱਚੋਂ,
ਆ ਗਿਆ ਲਾਲੂ ਵੀ ਸੁਣੀਂਦਾ ਬਾਹਰ ਬੇਲੀ।
ਦੋਵੇਂ ਸਿਖਰ ਦੇ ਲੀਡਰ ਕੁਰੱਪਟ ਨਿਕਲੇ,
ਕੋਰਟ ਵਿੱਚ ਵੀ ਹੋ ਗਿਆ ਜ਼ਾਹਰ ਬੇਲੀ।
ਆਏ ਬਾਹਰ ਤਾਂ ਫੇਰ ਨਹੀਂ ਟਿਕਣ ਵਾਲੇ,
ਕੁਝ ਤਾਂ ਦੋਵੇਂ ਹੀ ਕਰਨਗੇ ਆਹਰ ਬੇਲੀ।
ਜਿਸ ਨੂੰ ਹੋਰ ਨਹੀਂ ਝੱਲਦਾ ਕੋਈ ਕਿੱਤਾ,
ਰਾਜਸੀ ਪਿੜ ਹੈ ਓਸ ਦੀ ਠਾਹਰ ਬੇਲੀ।
ਚੋਣਾਂ ਲੜਨ ਜਾਂ ਦੋਵੇਂ ਨਾ ਲੜਨ ਬੇਸ਼ੱਕ,
ਰਹਿਣਾ ਚੋਣਾਂ ਤੋਂ ਬਹੁਤ ਨਾ ਦੂਰ ਬੇਲੀ।
ਜਿਨ੍ਹਾਂ-ਜਿਨ੍ਹਾਂ ਨੇ ਟਿਕਟ ਦੀ ਝਾਕ ਰੱਖੀ,
ਸਾਰੇ ਈ ਲੱਗੇ ਆ ਪੁੱਜਣ ਹਜ਼ੂਰ ਬੇਲੀ।

ਤੀਸ ਮਾਰ ਖਾਂ

# ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਚਾਰ ਮੈਂਬਰ ਗ੍ਰਿਫ਼ਤਾਰ

ਖੰਨਾ, 6 ਜੁਲਾਈ, (ਪੋਸਟ ਬਿਊਰੋ)- ਏਥੋਂ ਦੀ ਪੁਲਸ ਨੇ ਖਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਸੰਬੰਧ ਰੱਖਦੇ ਚਾਰ ਦੋਸ਼ੀਗ੍ਰਿਫ਼ਤਾਰ ਕਰ ਕੇ ਕਿਹਾ ਕਿ ਇਸ ਗਰੁੱਪ ਦਾ ਆਗੂ ਜਰਮਨੀ ਵਿੱਚ ਬੈਠੇ ਹੈਂਡਲਰ ਨਾਲ ਸਬੰਧ ਰੱਖਦਾ ਸੀ ਤੇ ਇਸ ਤਰ੍ਹਾਂ ਬਾਹਰੋਂ ਫੰਡਿੰਗ ਕਰ ਕੇ ਪੰਜਾਬ ਦਾ ਮਾਹੌਲ ਵਿਗਾੜਨ ਦੀ ਕੋਸ਼ਿਸ਼ ਹੋ ਰਹੀ ਸੀ। ਪੁਲਸ ਨੇ ਚਾਰ ਜਣਿਆਂ ਨੂੰ ਹਥਿਆਰਾਂ ਸਣੇਫੜਿਆ ਹੈ, ਜਿਨ੍ਹਾਂ ਵਿੱਚੋਂ ਇਕ ਜਣਾ 28 ਅਪ੍ਰੈਲ ਨੂੰ ਪਟਿਆਲਾ ਜੇਲਤੋਂ ਫਰਾਰ ਹੋਇਆ ਸੀ।

ਐੱਸ ਐੱਸ ਪੀ ਖੰਨਾ ਗੁਰਸ਼ਰਨਦੀਪ ਸਿੰਘ ਗਰੇਵਾਲ ਨੇ ਦੱਸਿਆ ਕਿ ਪੁਲਸ ਨੇ ਪ੍ਰਿੰਸਟਾਇਨ ਮਾਲ ਜੀ ਟੀ ਰੋਡ ਖੰਨਾ ਕੋਲ ਨਾਕਾਬੰਦੀ ਦੌਰਾਨ ਇਕ ਇਟੀਓਸ ਕਾਰ, ਜਿਸ ਵਿਚ ਤਿੰਨ ਜਣੇ ਸਨ, ਨੂੰ ਰੋਕਿਆ ਤਾਂ ਉਨ੍ਹਾਂ ਨੇ ਫਾਇਰ ਕਰਕੇ ਭੱਜਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਪੁਲਸ ਨੇ ਦੋ ਜਣਿਆਂ ਨੂੰ ਫੜ ਲਿਆ, ਜਿਨ੍ਹਾਂ ਨੇ ਆਪਣਾ ਨਾਮ ਜਸਵਿੰਦਰ ਸਿੰਘ ਵਾਸੀ ਫਤਿਹਪੁਰ ਬੁੰਗਾ, ਥਾਣਾ ਕੀਰਤਪੁਰ ਸਾਹਿਬ, ਰੋਪੜ ਅਤੇ ਗੌਰਵ ਜੈਨ ਉਰਫ ਮਿੰਕੂ ਵਾਸੀ ਕਾਲਿਆਂਵਾਲਾ,ਜ਼ਿਲਾ ਸਿਰਸਾ ਦੱਸਿਆ ਸੀ। ਇਨ੍ਹਾਂ ਨੇ ਆਪਣੇ ਤੀਜੇ ਸਾਥੀ ਤੇ ਗਰੁੱਪ ਲੀਡਰ ਦਾ ਨਾਮ ਜਸਪ੍ਰੀਤ ਸਿੰਘ ਉਰਫ ਨੂਪੀ ਵਾਸੀ ਡਾਡੀ ਥਾਣਾ ਕੀਰਤਪੁਰ ਸਾਹਿਬ ਜ਼ਿਲਾ ਰੋਪੜ ਦੱਸਿਆ, ਜਿਸ ਨੂੰ ਸੂਆ ਪੁਲੀ ਮਾਜਰੀ ਕੋਲੋਂ ਉਸ ਦੇ ਇਕ ਸਾਥੀ ਪ੍ਰਸ਼ਾਂਤ ਉਰਫ ਕਬੀਰ ਵਾਸੀ ਸੂਰਜਕੁੰਡ ਰਾਮਬਾਗ, ਮੇਰਠ ਨਾਲ ਫੜ ਲਿਆ। ਇਨ੍ਹਾਂ ਲੋਕਾਂ ਨੇ ਇਹ ਕਾਰ ਏਅਰਪੋਰਟ ਰੋਡ ਜ਼ੀਰਕਪੁਰ ਤੋਂ ਖੋਹੀ ਸੀ। ਗਰੁੱਪ ਲੀਡਰ ਜਸਪ੍ਰੀਤ ਸਿੰਘ ਉਰਫ ਨੂਪੀ ਨੇ ਦੱਸਿਆ ਕਿ ਉਹ ਕਤਲ ਕੇਸ ਵਿੱਚ ਪਟਿਆਲਾ ਜੇਲ ਵਿਚ ਬੰਦ ਸੀ ਅਤੇ ਆਪਣੇ ਦੋ ਸਾਥੀਆਂ ਸਮੇਤ 28 ਅਪ੍ਰੈਲ ਨੂੰ ਪਟਿਆਲਾ ਜੇਲ ਤੋਂ ਫਰਾਰ ਹੋ ਗਿਆ ਸੀ। ਉਸ ਨੇ ਮੰਨਿਆ ਕਿ ਉਸਨੇ ਪਟਿਆਲਾ ਜੇਲ ਤੋਂ ਫਰਾਰ ਹੋਣ ਪਿੱਛੋਂ ਕਾਰ ਏਅਰਪੋਰਟ ਰੋਡ ਜ਼ੀਰਕਪੁਰ ਤੋਂ ਖੋਹੀ ਅਤੇ ਖਰੜ ਦੇ ਇਕ ਪੈਟਰੋਲ ਪੰਪ ਤੋਂ ਆਪਣੇ ਸਾਥੀਆਂ ਨਾਲ 50 ਹਜ਼ਾਰ ਰੁਪਏ ਦੀ ਲੁੱਟ ਕੀਤੀ ਸੀ।

# ਸੋਨੀਆ ਗਾਂਧੀ ਤੇ ਕੈਪਟਨ ਅਮਰਿੰਦਰ ਸਿੰਘ ਦੀ ਮੀਟਿੰਗ ਵਿੱਚ ਪੰਜਾਬ ਕਾਂਗਰਸ ਬਾਰੇ ਵਿਚਾਰਾਂ

### * ਰਾਹੁਲ ਗਾਂਧੀ ਅਤੇ ਮਲਿਕਾਰਜੁਨ ਖੜਗੇ ਵੀ ਮੀਟਿੰਗ ਵਿੱਚ ਸ਼ਾਮਲ * ਬਾਹਰ ਆਏ ਕੈਪਟਨ ਨੇ ਕਿਹਾ: ਸਿੱਧੂ ਬਾਰੇ ਮੈਂ ਨਹੀਂ ਜਾਣਦਾ



ਚੰਡੀਗੜ੍ਹ, 6 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਦਿੱਲੀ ਵਿੱਚ ਮੁਲਾਕਾਤ ਕਰ ਕੇ ਪੰਜਾਬ ਕਾਂਗਰਸ ਦੇ ਅੰਦਰੂਨੀ ਕਲੇਸ਼ ਉੱਤੇਉਨ੍ਹਾ ਸਾਹਮਣੇ ਆਪਣਾ ਪੱਖ ਰੱਖਿਆ, ਜਿਸ ਦੇ ਬਾਅਦ ਸਭ ਦੀਆਂ ਨਜ਼ਰਾਂ ਇਸ ਗੱਲ ਉੱਤੇ ਹਨ ਕਿ ਇਸ ਬੈਠਕ ਪਿੱਛੋਂ ਪਾਰਟੀ ਹਾਈ ਕਮਾਂਡ ਕੀ ਕਦਮ ਚੁੱਕਦੀ ਹੈ ਤੇ ਪਾਰਟੀ ਜਾਂ ਸਰਕਾਰ ਵਿਚ ਨਵਜੋਤ ਸਿੰਘ ਸਿੱਧੂ ਦੀ ਕੀ ਭੂਮਿਕਾ ਹੋਵੇਗੀ।

ਅੱਜ ਏਥੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਕੈਪਟਨ ਅਮਰਿੰਦਰ ਸਿੰਘ ਵਿਚਾਲੇ ਕਰੀਬ ਡੇਢ ਘੰਟਾ ਗੱਲਬਾਤ ਹੋਈ, ਜਿਸ ਵਿੱਚ ਰਾਹੁਲ ਗਾਂਧੀ ਅਤੇ ਪਾਰਲੀਮੈਂਟ ਦੇ ਉਤਲੇ ਹਾਊਸ ਰਾਜ ਸਭਾ ਵਿੱਚ ਆਪੋਜ਼ੀਸ਼ਨ ਆਗੂ ਮਲਿਕਾਰਜੁਨ ਖੜਗੇ ਵੀ ਸ਼ਾਮਲ ਸਨ। ਮਲਿਕਾਰਜੁਨ ਖੜਗੇ ਪੰਜਾਬ ਕਾਂਗਰਸ ਦਾ ਝਗੜਾ ਨਿਬੇੜਨ ਵਾਸਤੇ ਕਾਂਗਰਸ ਹਾਈ ਕਮਾਂਡ ਦੀ ਬਣਾਈ ਤਿੰਨ ਮੈਂਬਰੀ ਕਮੇਟੀ ਦੇ ਮੁਖੀ ਹਨ। ਇਸ ਬੈਠਕ ਵਿੱਚ ਪੰਜਾਬ ਕਾਂਗਰਸ ਦੇ ਅੰਦਰੂਨੀ ਹਾਲਾਤ ਦੇ ਨਾਲ ਨਵਜੋਤ ਸਿੰਘ ਸਿੱਧੂ ਦੀ ਪਾਰਟੀ ਵਿੱਚ ਭੂਮਿਕਾ ਤੇ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਵੱਲੋਂ ਅਪਣਾਈ ਜਾਣ ਵਾਲੀ ਨੀਤੀ ਬਾਰੇ ਵਿਚਾਰਾਂ ਹੋਈਆਂ। ਮੀਟਿੰਗ ਤੋਂ ਬਾਹਰ ਨਿਕਲਦੇ ਹੋਏ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਜਦੋਂ ਇਸ ਬੈਠਕ ਬਾਰੇ ਪੁੱਛਿਆ ਗਿਆ ਤਾਂ ਉਨ੍ਹਾ ਕਿਹਾ: 'ਮੈਂ ਕਾਂਗਰਸ ਪ੍ਰਧਾਨ ਨੂੰ ਮਿਲਣ ਲਈ ਆਇਆ ਸੀ, ਪਾਰਟੀ ਦੇ ਅੰਦਰੂਨੀ ਮਾਮਲਿਆਂ ਅਤੇ ਪੰਜਾਬ ਦੇ ਵਿਕਾਸ ਬਾਰੇ ਗਲਬਾਤ ਹੋਈ ਹੈ। ਜਿਥੋਂ ਤਕ ਪੰਜਾਬ ਪਾਰਟੀ ਦੇ ਮਾਮਲਿਆਂ ਦਾ ਸਵਾਲ ਹੈ, ਉਸ ਬਾਰੇ ਪਾਰਟੀ ਹਾਈ ਕਮਾਂਡ ਜੋ ਵੀ ਫ਼ੈਸਲਾ ਲਵੇ, ਅਸੀਂ ਉਸਦੇ ਲਈ ਪੂਰੀ ਤਰ੍ਹਾਂ ਤਿਆਰ ਹਾਂਤੇ ਅਸੀਂ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਵੀ ਪੂਰੀ ਤਰ੍ਹਾਂ ਤਿਆਰ ਹਾਂ।''

ਵਰਨਣ ਯੋਗ ਹੈ ਕਿ ਪੰਜਾਬ ਵਿਚ ਸਾਬਕਾ ਲੋਕਲ ਬਾਡੀਜ਼ ਮੰਡਰੀ ਨਵਜੋਤ ਸਿੰਘ ਸਿੱਧੂਕਾਫੀ ਸਮੇਂ ਤੋਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਉੱਤੇ ਲਗਾਤਾਰ ਹਮਲੇ ਕਰ ਰਹੇ ਹਨ ਅਤੇਬੀਤੇ ਦੋ-ਤਿੰਨ ਮਹੀਨਿਆਂ ਤੋਂ ਉਹ ਇਕਦਮ ਸਰਗਰਮੀ ਨਾਲ ਇੰਟਰਨੈੱਟ ਮੀਡੀਆ ਰਾਹੀਂ ਆਪਣੀ ਹੀ ਪਾਰਟੀ ਦੀਰਾਜ ਸਰਕਾਰ ਦੀ ਕਾਰਜ ਪ੍ਰਣਾਲੀ ਉੱਤੇ ਲਗਾਤਾਰ ਚਾਂਦਮਾਰੀ ਕਰਦੇ ਆਏ ਹਨ।ਅੱਜ ਇਹ ਚਰਚੇ ਸਨ ਕਿ ਨਵਜੋਤ ਸਿੰਘ ਸਿੱਧੂ ਤੇ ਕੈਪਟਨ ਅਮਰਿੰਦਰ ਸਿੰਘ ਦਾ ਵਿਵਾਦ ਖ਼ਤਮ ਕਰਨ ਲਈ ਕਾਂਗਰਸ ਹਾਈ ਕਮਾਂਡ ਕੋਈ ਵੱਡਾ ਕਦਮ ਚੁੱਕ ਸਕਦੀ ਹੈ।ਜਦੋਂ ਇਸ ਬਾਰੇ ਪੱਤਰਕਾਰਾਂ ਨੇ ਕੈਪਟਨ ਅਮਰਿੰਦਰ ਸਿੰਘ ਤੋਂ ਅੱਜ ਦੀ ਮੀਟਿੰਗ ਦੇ ਬਾਅਦ ਪੁੱਛਿਆ ਤਾਂ ਉਨ੍ਹਾਂ ਕਿਹਾ, 'ਮੈਂ ਸਿੱਧੂਬਾਰੇ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦਾ, ਮੈਂ ਇਥੇ ਪਾਰਟੀ ਨੂੰ ਮਜ਼ਬੂਤ ਕਰਨ ਆਇਆ ਹਾਂ, ਮੈਂ ਸਿੱਧੂ ਬਾਰੇ ਨਹੀਂ ਜਾਣਦਾ।''

# ਸੁਖਬੀਰ ਬਾਦਲ ਵੱਲੋਂ ਬਿਜਲੀ ਸਮਝੌਤਿਆਂ ਦੀ ਵਕਾਲਤ ਪਿੱਛੋਂ ਨਵਜੋਤ ਸਿੱਧੂ ਦਾ ਨਵਾਂ ਧਮਾਕਾ



ਚੰਡੀਗੜ੍ਹ, 6 ਜੁਲਾਈ, (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਤੇ ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਲੋਂ ਅਕਾਲੀ-ਭਾਜਪਾਸਰਕਾਰ ਵੇਲੇ ਹੋਏ ਬਿਜਲੀ ਸਮਝੌਤਿਆਂ ਦੀ ਵਕਾਲਤ ਕਰਨ ਪਿੱਛੋਂ ਨਵਜੋਤ ਸਿੱਧੂ ਨੇ ਇਕ ਵਾਰ ਫਿਰ ਇਨ੍ਹਾਂ ਸਮਝੌਤਿਆਂ ਉੱਤੇ ਸਵਾਲ ਚੁੱਕੇ ਤੇ ਕਿਹਾ ਕਿ ਇਨ੍ਹਾਂ ਨੂੰ ਰੱਦ ਕੀਤੇ ਬਿਨਾਂ ਪੰਜਾਬ ਦੇ ਲੋਕਾਂ ਨੂੰ ਮੁਫਤ ਬਿਜਲੀ ਨਹੀਂ ਦਿੱਤੀ ਜਾ ਸਕਦੀ।ਸਿੱਧੂ ਨੇ ਟਵੀਟ ਕਰ ਕਿਹਾ ਕਿ ਮੁਫ਼ਤ ਬਿਜਲੀ ਦੇਣ ਦੇ ਵਾਅਦੇ ਉਦੋਂ ਤੱਕ ਫੋਕੇ ਹਨ, ਜਦ ਤੱਕ ਪੰਜਾਬ ਵਿਧਾਨ ਸਭਾ ਵਿੱਚ ਨਵਾਂ ਕਾਨੂੰਨ ਬਣਾ ਕੇ ਬਿਜਲੀ ਖਰੀਦ ਸਮਝੌਤੇ ਰੱਦ ਨਹੀਂ ਕੀਤੇ ਜਾਂਦੇ। ਇਨ੍ਹਾਂ ਨੁਕਸਦਾਰ ਬਿਜਲੀ ਖਰੀਦ ਸਮਝੌਤਿਆਂਨੇ ਪੰਜਾਬ ਸਰਕਾਰ ਦੇ ਹੱਥ ਬੰਨ੍ਹੇ ਹੋਏ ਹਨ।

ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਬਿਜਲੀ ਖਰੀਦ ਸਮਝੌਤਿਆਂ ਨਾਲ ਪੰਜਾਬ 100 ਫੀਸਦ ਬਿਜਲੀ ਉਤਪਾਦਨ ਦੇ ਲਈ ਬੱਝਵੇਂ ਚਾਰਜ ਦੇਣ ਨੂੰ ਮਜ਼ਬੂਰ ਹੈ, ਜਦਕਿ ਭਾਰਤ ਦੇ ਬਾਕੀ ਰਾਜ 80 ਫੀਸਦ ਤੋਂ ਵੱਧ ਉੱਤੇ ਬੱਝਵੇਂ ਚਾਰਜ ਦਾ ਕੋਈ ਪੈਸਾ ਨਹੀਂ ਦੇਂਦੇ। ਬਿਜਲੀ ਖਰੀਦ ਸਮਝੌਤਿਆਂ ਨਾਲ ਪ੍ਰਾਈਵੇਟ ਬਿਜਲੀ ਪਲਾਂਟਾਂ ਨੂੰ ਜੇ ਇਹ ਬੱਝਵੇਂ ਚਾਰਜ ਨਾ ਦੇਣੇ ਹੋਣ ਤਾਂ ਪੰਜਾਬ ਵਿਚ ਬਿਜਲੀ ਦਾ ਰੇਟ ਸਿੱਧਾ 1.20 ਰੁਪਏ ਯੂਨਿਟ ਘਟ ਜਾਵੇਗੀ। ਇਸ ਤੋਂ ਬਿਨਾ ਬਿਜਲੀ ਖਰੀਦ ਸਮਝੌਤੇ ਪੰਜਾਬ ਵਿਚ ਬਿਜਲੀ ਮੰਗ ਦੇ ਗ਼ਲਤ ਲੇਖੇਨਾਲ ਤੈਅ ਕੀਤੇ ਹਨ। ਬਿਜਲੀ ਦੀ ਵੱਧ ਤੋਂ ਵੱਧ ਮੰਗ 13,000-14000 ਮੈਗਾਵਾਟ ਸਿਰਫ਼ ਚਾਰ ਮਹੀਨੇ ਹੁੰਦੀ ਹੈ ਤੇ ਬਾਕੀ ਸਮਾਂ 5000-6000 ਮੈਗਾਵਾਟ ਰਹਿੰਦੀ ਹੈ,ਪਰ ਬਿਜਲੀ ਖਰੀਦ ਸਮਝੌਤੇ ਏਦਾਂਦ ਹਨ ਕਿ ਬੱਝਵੇਂ ਚਾਰਜ ਵੱਧ ਤੋਂ ਵੱਧ ਮੰਗ (13,000-14000 ਮੈਗਾਵਾਟ) ਦੇ ਹਿਸਾਬ ਦੇਣੇ ਪੈਂਦੇ ਹਨ।ਸਿੱਧੂ ਨੇ ਕਿਹਾ ਕਿ ਇਸ ਤੋਂ ਮਾੜੀ ਗੱਲ ਇਹ ਕਿ ਬਿਜਲੀ ਦੀ ਵੱਧਮੰਗ ਦੇ ਸਮੇਂ ਪ੍ਰਾਈਵੇਟ ਬਿਜਲੀ ਪਲਾਂਟਾਂ ਤੋਂ ਲਾਜ਼ਮੀ ਬਿਜਲੀ ਸਪਲਾਈ ਦੀ ਮੱਦ ਇਨ੍ਹਾਂ ਸਮਝੌਤਿਆਂ ਵਿਚ ਨਹੀਂ ਰੱਖੀ। ਇਸ ਲਈ ਝੋਨੇ ਦੀ ਬਿਜਾਈ ਵੇਲੇ ਉਨ੍ਹਾਂ ਨੇ ਆਪਣੇ 2 ਬਿਜਲੀ ਪਲਾਂਟ ਮੁਰੰਮਤ ਬਿਨਾਂ ਬੰਦ ਕਰ ਦਿੱਤੇ ਹਨ ਤੇ ਪੰਜਾਬ ਨੂੰ ਵਾਧੂ ਬਿਜਲੀ ਖਰੀਦਣੀ ਪਈ ਹੈ।

ਪੰਜਾਬ ਦੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਬਿਜਲੀ ਖਰੀਦ ਸਮਝੌਤੇ ਤੋਂ ਪਹਿਲਾਂ ਬੋਲੀ ਸੰਬੰਧੀ ਪੁੱਛਗਿੱਛ ਦੇ ਗ਼ਲਤ ਜੁਆਬ ਦੇਣ ਕਰਕੇ ਪੰਜਾਬ ਨੇ 3200 ਕਰੋੜ ਰੁਪਏ ਸਿਰਫ਼ ਕੋਲਾ ਸਾਫ਼ ਕਰਨ ਦੇ ਚਾਰਜ ਵਜੋਂ ਦੇ ਦਿੱਤੇ ਹਨ। ਇਸ ਦੇ ਇਲਾਵਾ ਪ੍ਰਾਈਵੇਟ ਪਲਾਂਟ ਮਾਲਕ ਪੰਜਾਬ ਉੱਤੇ ਕੇਸ ਕਰਨ ਲਈ ਰਸਤੇ ਲੱਭ ਰਹੇ ਹਨ, ਜਿਸ ਦੀ ਕੀਮਤ ਪੰਜਾਬ ਨੂੰ ਪਹਿਲਾਂ ਹੀ 25000 ਕਰੋੜ ਰੁਪਏ ਚੁਕਾਉਣੀ ਪੈ ਚੁੱਕੀ ਹੈ।

# ਸਿੱਖਾਂ ਦੇ ਵਿਰੁੱਧ ਟਿੱਪਣੀਆਂ ਕਰਨ ਦਾ ਦੋਸ਼ੀ ਸ਼ਿਵ ਸੈਨਾ ਨੇਤਾ ਸੁਧੀਰ ਸੂਰੀ ਗ੍ਰਿਫ਼ਤਾਰ

### * ਹਿੰਦੂ ਦੇਵੀਆਂ ਬਾਰੇ ਟਿਪਣੀ ਕਰਨ ਵਾਲਾ ਭੁਪਿੰਦਰ ਸਿੰਘ ਵੀ ਗ੍ਰਿਫਤਾਰ

ਅੰਮ੍ਰਿਤਸਰ, 6 ਜੁਲਾਈ, (ਪੋਸਟ ਬਿਊਰੋ)- ਸ਼ੋਸ਼ਲ ਮੀਡੀਆ ਉੱਤੇ ਸਿੱਖ ਪੰਥ ਦੇ ਸਿੰਘ ਸਾਹਿਬਾਨ, ਸਿੱਖ ਸਿਧਾਂਤਾਂਅਤੇ ਸਿੱਖ ਸ਼ਹੀਦਾਂ ਬਾਰੇ ਭੱਦੀ ਸ਼ਬਦਾਵਲੀ ਵਰਤਣ ਦੇ ਦੋਸ਼ ਵਿੱਚ ਅੱਜ ਸ਼ਾਮ ਨੂੰ ਪੁਲਿਸ ਨੇ ਸ਼ਿਵ ਸੈਨਾ ਨੇਤਾ ਸੁਧੀਰ ਸੂਰੀ ਨੂੰ ਗ੍ਰਿਫਤਾਰ ਕਰ ਲਿਆ ਅਤੇ ਇਸ ਸੰਬੰਧ ਵਿੱਚ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਅੰਮ੍ਰਿਤਸਰ ਪੁਲਸ ਦੇ ਏਸੀ ਪੀ (ਈਸਟ) ਜਸਪ੍ਰੀਤ ਸਿੰਘ ਨੇ ਦੱਸਿਆ ਕਿ ਸੁਧੀਰ ਸੂਰੀ ਨੂੰ ਗ੍ਰਿਫਤਾਰ ਕਰ ਕੇ 14 ਦਿਨ ਲਈ ਜੁਡੀਸ਼ਲ ਰਿਮਾਂਡ ਉੱਤੇ ਜੇਲ ਭੇਜ ਦਿੱਤਾ ਗਿਆ ਹੈ।ਉਸ ਦੇ ਇਲਾਵਾ ਹਿੰਦੂ ਦੇਵੀ ਦੇਵਤਿਆਂ ਬਾਰੇ ਗਲਤ ਟਿੱਪਣੀਆਂ ਕਰਨ ਦੇ ਦੋਸ਼ ਵਿੱਚ ਭੁਪਿੰਦਰ ਸਿੰਘ ਨੂੰ ਵੀ ਗੇਟ ਹਕੀਮਾਂ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਇਸ ਸਬੰਧ ਵਿੱਚ ਏਸੀਪੀ (ਸੈਂਟਰਲ) ਪ੍ਰਵੇਸ਼ ਚੋਪੜਾ ਨੇ ਕਿਹਾ ਕਿ ਗ੍ਰਿਫਤਾਰ ਕੀਤੇ ਭੁਪਿੰਦਰ ਸਿੰਘ ਨੂੰ ਅਦਾਲਤ ਪੇਸ਼ ਕੀਤਾ ਜਾਵੇਗਾ।

ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਸ਼ਿਵ ਸੈਨਾ ਨੇਤਾ ਸੁਧੀਰ ਸੂਰੀ ਨੇ ਸ਼ੋਸ਼ਲ ਮੀਡੀਆ ਉਤੇ ਵੀਡੀਓ ਪਾਈ ਸੀ, ਜਿਸ ਵਿਚ ਉਸ ਨੇਸਿੰਘ ਸਾਹਿਬਾਨ, ਸਿੱਖ ਸਿਧਾਂਤਾਂ ਅਤੇ ਸਿੱਖ ਸ਼ਹੀਦਾਂ ਬਾਰੇ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਸੀ। ਇਸਦੇ ਵਿਰੋਧ ਵਿੱਚ ਕੁਝ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਅੱਜ ਮੰਗਲਵਾਰ ਸੁਧੀਰ ਸੂਰੀ ਦੀ ਕੋਠੀ ਦਾ ਘਿਰਾਓ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਪੁਲਿਸ ਨੇ ਉਨ੍ਹਾਂ ਨੂੰ ਦੂਰੋਂ ਰੋਕ ਲਿਆ ਸੀ। ਇਸੇ ਤਰਾਂ ਸੋਮਵਾਰ ਕੁਝਹਿੰਦੂ ਨੇਤਾਵਾਂ ਨੇ ਹਿੰਦੂ ਦੇਵਤਿਆਂ ਦੇ ਬਾਰੇ ਗਲਤ ਟਿੱਪਣੀਆਂ ਕਰਨ ਦੇ ਦੋਸ਼ ਹੇਠ ਭੁਪਿੰਦਰ ਸਿੰਘਦੇ ਘਰ ਦਾ ਘਿਰਾਓ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਪੁਲਿਸ ਨੇ ਹਿੰਦੂ ਨੇਤਾਵਾਂ ਨੂੰ ਨੈਸ਼ਨਲ ਸ਼ਾਪਿੰਗ ਕੰਪਲੈਕਸ ਦੇ ਬਾਹਰ ਰੋਕ ਲਿਆ ਗਿਆ ਅਤੇ ਸ਼ਹਿਰ ਦਾ ਮਾਹੌਲ ਨੂੰ ਸ਼ਾਂਤਮਈ ਰੱਖਦੇ ਹੋਏ ਸੁਧੀਰ ਸੂਰੀ ਤੇ ਭੁਪਿੰਦਰ ਸਿੰਘ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

ਉਸ ਤੋਂ ਪਹਿਲਾਂ ਗੁਰੂ ਸਾਹਿਬਾਨ, ਸਿੱਖ ਸ਼ਹੀਦਾਂ ਅਤੇ ਸ੍ਰੀ ਦਰਬਾਰ ਸਾਹਿਬ ਬਾਰੇ ਭੱਦੀ ਸ਼ਬਦਾਵਲੀ ਬੋਲਣ ਵਾਲੇ ਸ਼ਿਵ ਸੈਨਾ ਦੇ ਪ੍ਰਧਾਨ ਸੁਧੀਰ ਸੂਰੀ ਉੱਤੇ ਸਿੱਖ ਯੂਥ ਫੈੱਡਰੇਸ਼ਨ ਭਿੰਡਰਾਂਵਾਲਾ ਦੇ ਸੀਨੀਅਰ ਮੀਤ ਪ੍ਰਧਾਨ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਅੰਮ੍ਰਿਤਸਰ ਦੇ ਥਾਣਾ ਬੀ ਡਵੀਜ਼ਨ, ਸੁਲਤਾਨਵਿੰਡ ਰੋਡਵਿਖੇ ਕੇਸ ਦਰਜ ਕਰਾਇਆ ਸੀ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



REXDALE FINANCIAL SERVICES
WE HELP YOU START, GROW AND SUCCEED

We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!

- DEBT CONSOLIDATION
- HOME EQUITY
- LOANS
- HOME RENOVATION
- WANT TO GET OUT OF CREDIT CARD DEBT

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'

Increase Your Cash Flow by up to 50%

YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



REXDALE BODY SHOP
USED CAR SALE





Specialization In:
- All Kinds of Body Work
- Auto Glass Windshield
- Denting, Painting & Welding

SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com



NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1





Grand Upholstery Ltd
Sofa Company Originality in Every Piece
Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਡੰਡਸ ਦੇ ਮੁੜ ਨਾਮਕਰਣ ਦੀ ਸਿਫਾਰਸ਼ ਐਗਜ਼ੈਕਟਿਵ ਕਮੇਟੀ ਕੋਲ ਪਹੁੰਚੀ




ਟੋਰਾਂਟੋ, 6 ਜੁਲਾਈ (ਪੋਸਟ ਬਿਊਰੋ) : ਮੰਗਲਵਾਰ ਨੂੰ ਡੰਡਸ ਸਟਰੀਟ ਦਾ ਨਾਂ ਬਦਲਣ ਦੀ ਪ੍ਰਕਿਰਿਆ ਇੱਕ ਕਦਮ ਹੋਰ ਅੱਗੇ ਵੱਧ ਸਕਦੀ ਹੈ।

ਸਿਟੀ ਆਫ ਟੋਰਾਂਟੋ ਦੇ ਸਟਾਫ ਵੱਲੋਂ ਇਸ ਸਟਰੀਟ ਤੇ ਹੋਰ ਸਿਵਿਕ ਸੰਪਤੀ ਦਾ ਨਾਂ ਬਦਲਣ ਦੀ ਸਿਫਾਰਿਸ਼ ਕੀਤੀ ਗਈ ਸੀ ਤੇ ਇਸ ਬਾਰੇ ਫੈਸਲਾ ਮੇਅਰ ਦੀ ਐਗਜ਼ੈਕਟਿਵ ਕਮੇਟੀ ਵੱਲੋਂ ਕੀਤਾ ਜਾਵੇਗਾ। ਜੇ ਇਸ ਨੂੰ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਇਸ ਮਹੀਨੇ ਦੇ ਅੰਤ ਵਿੱਚ ਹੋਣ ਵਾਲੀ ਫੁੱਲ ਕਾਊਂਸਲ ਦੀ ਮੀਟਿੰਗ ਵਿੱਚ ਇਸ ਦੇ ਕਿਸੇ ਹੋਰ ਨਾਂ ਉੱਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਸਟਰੀਟ ਦੇ ਨਾਮਕਰਣ ਨਾਲ ਉਨ੍ਹਾਂ ਵਚਨਬੱਧਤਾਵਾਂ ਦਾ ਸਨਮਾਨ ਹੋਵੇਗਾ ਜਿਹੜੀਆਂ ਕਾਊਂਸਲ ਵੱਲੋਂ ਕੀਤੀਆਂ ਗਈਆਂ ਜਿਵੇਂ ਕਿ ਨਿਆਂ, ਸੁਲ੍ਹਾ ਤੇ ਸ਼ਮੂਲੀਅਤ।

ਇੱਕ ਅੰਦਾਜ਼ੇ ਮੁਤਾਬਕ ਡੰਡਸ ਨਾਂ ਵਾਲੀਆਂ ਸੰਪਤੀਆਂ ਦੇ ਨਾਂ ਬਦਲਣ ਉੱਤੇ ਅੰਦਾਜ਼ਨ 6 ਮਿਲੀਅਨ ਡਾਲਰ ਤੱਕ ਦਾ ਖਰਚਾ ਆਵੇਗਾ। ਨਵੇਂ ਨਾਂ ਬਾਰੇ ਵਿਚਾਰ ਵਟਾਂਦਰਾ ਅਗਲੇ ਸਾਲ ਸ਼ੁਰੂ ਹੋਵੇਗਾ। ਮੇਅਰ ਜੌਹਨ ਟੋਰੀ ਨੇ ਆਖਿਆ ਕਿ ਉਹ ਡੰਡਸ ਸਟਰੀਟ ਦਾਂ ਨਾਂ ਬਦਲਣ ਦਾ ਸਮਰਥਨ ਕਰਦੇ ਹਨ ਤੇ ਉਨ੍ਹਾਂ ਇਹ ਵੀ ਆਖਿਆ ਕਿ ਇਸ ਤੋਂ ਇਲਾਵਾ ਵੀ ਕਈ ਸਟਰੀਟਸ ਦੇ ਨਾਂ ਬਦਲੀ ਕਰਨੇ ਚਾਹੀਦੇ ਹਨ।

# ਮੈਰੀ ਸਾਈਮਨ ਨੂੰ ਕੈਨੇਡਾ ਦੀ ਪਹਿਲੀ ਮੂਲਵਾਸੀ ਗਵਰਨਰ ਜਨਰਲ ਵਜੋਂ ਕੀਤਾ ਗਿਆ ਡੈਜ਼ੀਗਨੇਟ

ਸਫਾ 1 ਦਾ ਬਾਕੀ...

ਸਾਈਮਨ ਕੈਨੇਡਾ ਦੀ ਗਵਰਨਰ ਜਨਰਲ ਡੈਜ਼ੀਗਨੇਟ ਕੀਤੀ ਗਈ ਹੈ ਤੇ ਇੱਕ ਵਾਰੀ ਨਿਯੁਕਤ ਹੋਣ ਤੋਂ ਬਾਅਦ ਮਹਾਰਾਣੀ ਤੋਂ ਬਾਅਦ ਕੈਨੇਡਾ ਦੀ ਦੂਜੀ ਸੱਭ ਤੋਂ ਉੱਚ ਅਹੁਦੇ ਉੱਤੇ ਤਾਇਨਾਤ ਫੈਡਰਲ ਅਧਿਕਾਰੀ ਹੋਵੇਗੀ। ਸਾਈਮਨ ਕੋਲ ਟਰੂਡੋ ਨੂੰ ਹਟਾਉਣ ਦੀ ਵੀ ਤਾਕਤ ਹੋਵੇਗੀ। ਟਰੂਡੋ ਦੇ ਆਫਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸਾਈਮਨ ਨੂੰ ਜਲਦ ਹੀ ਇਸ ਅਹੁਦੇ ਉੱਤੇ ਤਾਇਨਾਤ ਕੀਤਾ ਜਾਵੇਗਾ।

ਇਸ ਦੌਰਾਨ ਸਾਈਮਨ ਨੇ ਇਨੁਕ-ਤਿਤੁਤ ਵਿੱਚ ਆਪਣੀ ਜਾਣ-ਪਛਾਣ ਕਰਵਾਉਂਦਿਆਂ ਟਰੂਡੋ ਤੇ ਮਹਾਂਰਾਣੀ ਵੱਲੋਂ ਉਸ ਵਿੱਚ ਪ੍ਰਗਟਾਏ ਵਿਸ਼ਵਾਸ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਆਖਿਆ ਕਿ ਜੇ ਅਸੀਂ ਮਨੁੱਖਤਾ ਦੇ ਰਾਹ ਉੱਤੇ ਚੱਲਦਿਆਂ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਈਏ ਤਾਂ ਕੈਨੇਡਾ ਦੇ ਚੰਗੇ ਦਿਨ ਅਜੇ ਆਉਣੇ ਬਾਕੀ ਹਨ। ਉੱਤਰੀ ਕਿਊਬਿਕ ਵਿੱਚ ਨੂਨਾਵਿਕ ਤੋਂ ਸਾਈਮਨ ਲੰਮੇਂ ਸਮੇਂ ਤੋਂ ਇਨੁਇਟ ਅਧਿਕਾਰਾਂ ਤੇ ਸੱਭਿਆਚਾਰ ਦੀ ਪੈਰਵੀ ਕਰਦੀ ਰਹੀ ਹੈ। ਉਨ੍ਹਾਂ ਸੀਬੀਸੀ ਨੌਰਥ ਨਾਲ ਰੇਡੀਓ ਹੋਸਟ ਵਜੋਂ ਵੀ ਕੰਮ ਕੀਤਾ ਤੇ ਬਾਅਦ ਵਿੱਚ ਉਹ ਇਨੁਇਟ ਤਾਪਿਰਿਤੀ ਕਨਾਤਾਮੀ ਐਂਡ ਨੈਸ਼ਨਲ ਇਨੁਇਟ ਐਜੂਕੇਸ਼ਨ ਕਮੇਟੀ ਦੀ ਚੇਅਰ ਵਜੋਂ ਵੀ ਸੇਵਾ ਨਿਭਾਅ ਚੁੱਕੀ ਹੈ।

# ਜੂਨ ਦੇ ਅੰਤ ਤੱਕ 1.3 ਮਿਲੀਅਨ ਕੈਨੇਡੀਅਨਜ਼ ਨੇ ਕੋਵਿਡ-19 ਵੈਕਸੀਨਜ਼ ਦੇ ਮਿਕਸ ਸ਼ੌਟ ਲਵਾਏ

ਸਫਾ 1 ਦਾ ਬਾਕੀ...

ਜਦੋਂ ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇਮਿਊਨਾਈਜ਼ੇਸ਼ਨ (ਐਨ ਏ ਸੀ ਆਈ) ਨੇ ਇਹ ਆਖਿਆ ਕਿ ਐਸਟ੍ਰਾਜ਼ੈਨੇਕਾ ਦਾ ਪਹਿਲਾ ਸ਼ੌਟ ਲੈ ਚੁੱਕੇ ਲੋਕਾਂ ਨੂੰ ਐਮਆਰਐਨਏ ਵੈਕਸੀਨ ਦਾ ਦੂਜਾ ਸ਼ੌਟ ਦਿੱਤਾ ਜਾ ਸਕਦਾ ਹੈ ਤੇ ਇਹ ਸੇਫ ਹੈ। ਫਿਰ 17 ਜੂਨ ਨੂੰ ਐਨ ਏ ਸੀ ਆਈ ਨੇ ਆਖਿਆ ਕਿ ਐਸਟ੍ਰਾਜ਼ੈਨੇਕਾ ਤੋਂ ਬਾਅਦ ਐਮਆਰਐਨਏ ਵੈਕਸੀਨ ਦਾ ਸ਼ੌਟ ਲੈਣਾ ਸਗੋਂ ਚੰਗਾ ਬਦਲ ਹੈ।

# ਮੰਡੀ ਗੋਨਿਆਣਾ ਵਿੱਚ ਦਿਨ-ਦਿਹਾੜੇ 9.82 ਲੱਖ ਰੁਪਏ ਦੀ ਲੁੱਟ-ਖੋਹ

ਬਠਿੰਡਾ, 6 ਜੁਲਾਈ (ਪੋਸਟ ਬਿਊਰੋ)- ਕੱਲ੍ਹ ਗੋਨਿਆਣਾ ਮੰਡੀ ਵਿੱਚ ਇੱਕ ਫਾਇਨਾਂਸ ਕੰਪਨੀ ਦੇ ਮੁਲਾਜ਼ਮ ਪਾਸੋਂ 9.82 ਲੱਖ ਰੁਪਏ ਦੀ ਲੁੱਟ-ਖੋਹਦਿਨ-ਦਿਹਾੜੇ ਹੋ ਗਈ। ਇੱਥੇ ਅਕਸਰ ਕੋਈ ਨਾ ਕੋਈ ਵੱਡੀ ਘਟਨਾ ਵਾਪਰ ਜਾਂਦੀ ਹੈ, ਜਿਸ ਕਾਰਨ ਲੋਕਾਂ ਵਿੱਚ ਸਹਿਮ ਫੈਲਿਆ ਹੋਇਆ ਹੈ। ਸਤੰਬਰ 2020 ਵਿੱਚ ਇੱਥੋਂ ਦੇ ਲੱਖੀ ਜਵੈਲਰਜ਼ ਤੋਂ ਕੁਝ ਲੁਟੇਰੇ ਬੰਦੂਕ ਦੀ ਨੋਕ ਉੱਤੇ ਦਿਨ ਦਿਹਾੜੇ 2.5 ਕਰੋੜ ਦੇ ਗਹਿਣੇ ਲੁੱਟ ਕੇ ਲੈ ਗਏ ਸਨ। ਜਨਵਰੀ 2021 ਵਿੱਚ ਆੜ੍ਹਤੀਆ ਸੰਜੀਵ ਕੁਮਾਰ ਦੀਆਂ ਅੱਖ ਵਿੱਚ ਮਿਰਚਾਂ ਪਾ ਕੇ ਦਿਨ-ਦਿਹਾੜੇ 9 ਲੱਖ ਖੋਹ ਕੇ ਲੈ ਗਏ। ਅਪ੍ਰੈਲ 2021 ਵਿੱਚ ਰਾਤ ਸਮੇਂ ਤਿੰਨ ਦੁਕਾਨਾਂ ਦੇ ਸ਼ਟਰ ਟੁੱਟੇ, ਜਿੱਥੋਂ ਲੱਖਾਂ ਰੁਪਏ ਦਾ ਸਾਮਾਨ ਚੋਰੀ ਹੋਇਆ। ਕੱਲ੍ਹ ਪਿਛਲੇ 10 ਮਹੀਨਿਆਂ ਵਿੱਚ ਇਹ ਤੀਸਰੀ ਵੱਡੀ ਵਾਰਦਾਤ ਹੈ, ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਲੁਟੇਰੇ ਪੁਲਸ ਦਾ ਡਰ ਨਹੀਂ ਮੰਨ ਰਹੇ।

ਕੱਲ੍ਹ ਸਵੇਰੇ 11.30 ਵਜੇ ਅਰਬਨ ਫਾਇਨਾਂਸ ਕੰਪਨੀ ਦਾ ਮੁਲਾਜ਼ਮ ਕੁਲਵਿੰਦਰ ਸਿੰਘ ਆਪਣੇ ਬੈਗ ਵਿੱਚ 9.82 ਲੱਖ ਰੁਪਏ ਲੈ ਕੇ ਬੈਂਕ ਰਿਹਾ ਸੀ ਤਾਂ ਦੋ ਮੋਟਰਸਾਈਕਲ ਸਵਾਰਾਂ ਨੇ ਉਸ ਤੋਂ ਪੈਸਿਆਂ ਦਾ ਬੈਗ ਖੋਹ ਲਿਆ। ਕੁਲਵਿੰਦਰ ਸਿੰਘ ਨੇ ਪੈਸੇ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਨਾਕਾਮ ਰਿਹਾ ਅਤੇ ਲੁਟੇਰੇ ਫਰਾਰ ਹੋ ਗਏ ਸਨ। ਸੂਚਨਾ ਮਿਲਣ ਉੱਤੇ ਡੀ ਐਸ ਪੀ ਭੁੱਚੋ ਅਸ਼ੋਕ ਕੁਮਾਰ ਉਥੇ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲੈ ਕੇ ਸ਼ਿਕਾਇਤਕਰਤਾ ਨੂੰ ਥਾਣੇ ਸੱਦ ਲਿਆ। ਅਧਿਕਾਰੀਆਂ ਨੇ ਦੱਸਿਆ ਕਿ ਸ਼ਿਕਾਇਤ ਦੇ ਆਧਾਰ ਉੱਤੇ ਅਣਪਛਾਤੇ ਲੁਟੇਰਿਆਂ ਵਿਰੁੱਧ ਕੇਸ ਦਰਜ ਕਰ ਲਿਆ ਹੈ।

# 28 ਯਾਤਰੀਆਂ ਨਾਲ ਰੂਸੀ ਜਹਾਜ਼ ਲਾਪਤਾ



ਮਾਸਕੋ, 6 ਜੁਲਾਈ (ਪੋਸਟ ਬਿਊਰੋ) : ਮੰਗਲਵਾਰ ਨੂੰ ਰੂਸ ਦੇ ਦੂਰ ਦਰਾਜ ਦੇ ਇਲਾਕੇ ਕਾਮਚਾਤਕਾ ਵਿੱਚ ਇੱਕ ਹਵਾਈ ਜਹਾਜ਼ ਅਚਾਨਕ ਲਾਪਤਾ ਹੋ ਗਿਆ। ਇਸ ਜਹਾਜ਼ ਵਿੱਚ 28 ਲੋਕ ਸਵਾਰ ਸਨ।

ਲੋਕਲ ਐਮਰਜੰਸੀ ਅਧਿਕਾਰੀਆਂ ਨੇ ਦੱਸਿਆ ਕਿ ਐਂਤੋਨੋਵ ਐਨ-26 ਪਲੇਨ, ਜਿਸ ਵਿੱਚ 22 ਯਾਤਰੀ ਤੇ ਅਮਲੇ ਦੇ ਛੇ ਮੈਂਬਰ ਸਵਾਰ ਸਨ, ਪੈਤਰੋਤਾਵਲੋਵਸਕ-ਕਾਮਚਾਤਸਕੀ ਤੋਂ ਪਾਲਾਨਾ ਟਾਊਨ ਜਾ ਰਿਹਾ ਸੀ, ਦਾ ਸੰਪਰਕ ਅਚਾਨਕ ਟੁੱਟ ਗਿਆ। ਇਹ ਜਹਾਜ਼ ਲੋਕਲ ਟਰਾਂਸਪੋਰਟ ਮੰਤਰਾਲੇ ਦੇ ਰਡਾਰ ਤੋਂ ਵੀ ਲਾਪਤਾ ਹੋ ਗਿਆ। ਰੂਸ ਦੀ ਸਰਕਾਰੀ ਨਿਊਜ਼ ਏਜੰਸੀ ਟੈਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਜਹਾਜ਼ ਕਾਮਚਾਤਕਾ ਏਵੀਏਸ਼ਨ ਐਂਟਰਪ੍ਰਾਈਜ਼ ਨਾਲ ਸਬੰਧਤ ਸੀ। ਇਹ ਜਹਾਜ਼ 1982 ਤੋਂ ਆਪਣੀਆਂ ਸੇਵਾਵਾਂ ਦੇ ਰਿਹਾ ਸੀ।

ਕੰਪਨੀ ਦੇ ਡਾਇਰੈਕਟਰ ਅਲੈਕਸੀ ਖਾਬਾਰੋਵ ਨੇ ਇੰਟਰਫੈਕਸ ਨਿਊਜ਼ ਏਜੰਸੀ ਨੂੰ ਦੱਸਿਆ ਕਿ ਇਹ ਜਹਾਜ਼ ਤਕਨੀਤੀ ਪੱਖ ਤੋਂ ਕਾਫੀ ਕਮਾਲ ਦਾ ਸੀ। ਇਸ ਸਬੰਧ ਵਿੱਚ ਜਾਂਚ ਲਾਂਚ ਕੀਤੀ ਗਈ ਹੈ ਤੇ ਇਸ ਦੀ ਭਾਲ ਵੀ ਤੇਜ਼ ਕਰ ਦਿੱਤੀ ਗਈ ਹੈ। ਮੀਡੀਆ ਰਿਪੋਰਟਾਂ ਵਿੱਚ ਇਹ ਕਿਆਸਅਰਾਈਆਂ ਪ੍ਰਗਟਾਈਆਂ ਗਈਆਂ ਹਨ ਕਿ ਇਹ ਜਹਾਜ਼ ਸਮੁੰਦਰ ਵਿੱਚ ਵੀ ਹਾਦਸਾਗ੍ਰਸਤ ਹੋਇਆ ਹੋ ਸਕਦਾ ਹੈ ਪਰ ਅਜੇ ਤੱਕ ਇਸ ਦੀ ਪੁਸ਼ਟੀ ਨਹੀਂ ਕੀਤੀ ਗਈ।

ਲੋਕਲ ਅਧਿਕਾਰੀਆਂ ਨੇ ਦੱਸਿਆ ਕਿ ਦੋ ਹੈਲੀਕਾਪਟਰ ਤੇ ਇੱਕ ਜਹਾਜ਼ ਨੂੰ ਇਸ ਲਾਪਤਾ ਜਹਾਜ਼ ਦੇ ਰੂਟ ਦੀ ਜਾਂਚ ਕਰਨ ਦੀ ਜ਼ਿੰਮੇਵਾਰੀ ਲਾਈ ਗਈ ਹੈ। ਸਰਕਾਰੀ ਆਰ ਆਈ ਏ ਨੋਵੋਸਤੀ ਨਿਊਜ਼ ਏਜੰਸੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕਈ ਸਮੁੰਦਰੀ ਜਹਾਜ਼ ਵੀ ਇਸ ਹਵਾਈ ਜਹਾਜ਼ ਦੀ ਭਾਲ ਕਰ ਰਹੇ ਹਨ। ਪਾਲਾਨਾ ਟਾਊਨ ਓਸੋਤਸਕ ਸਮੁੰਦਰ ਦੇ ਤੱਟੀ ਇਲਾਕੇ ਉੱਤੇ ਵੱਸਿਆ ਹੈ। ਜਹਾਜ਼ ਪਾਲਾਨਾ ਏਅਰਪੋਰਟ ਤੋਂ 10 ਕਿਲੋਮੀਟਰ ਦੀ ਦੂਰੀ ਉੱਤੇ ਸੀ ਜਦੋਂ ਉਸ ਦਾ ਸੰਪਰਕ ਟੁੱਟ ਗਿਆ।


ਕੇਅਰਗੀਵਰ ਦੀ ਲੋੜ CAREGIVER NEEDED
ਸਕਾਰਬਰੋ ਦੇ ਬ੍ਰਿਮਲੀ ਤੇ ਫਿੰਚ ਏਰੀਏ ਵਿਚ ਇਕੱਲੀ ਮਾਤਾ ਦੀ ਦੇਖਭਾਲ ਲਈ ਲਿਵ-ਇਨ ਕੇਅਰਗੀਵਰ ਦੀ ਲੋੜ ਹੈ। ਰਹਿਣ ਅਤੇ ਖਾਣ ਦਾ ਪ੍ਰਬੰਧ ਹੋਵੇਗਾ। ਜਲਦੀ ਸ਼ੁਰੂ ਕਰ ਸਕਦੇ ਹੋ। ਤਨਖਾਹ ਤੇ ਹੋਰ ਜਾਣਕਾਰੀ ਲਈ ਟੈਕਸਟ ਜਾਂ ਕਾਲ ਕਰੋ:

Mature, Caregiver needed for elderly mom in Scarborough Brimley/ Finch area. Includes free meals & accomo-dation. Price is negotiable.
Harmeet: 416-845-0905

ਵਰਕਰਾਂ ਦੀ ਲੋੜ
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੰਪਰਕ: 647-205-5909, 416-618-3358

ਵਰਕਰਾਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।
ਸੰਪਰਕ: 647-391-3365

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005

AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?


ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best


CLOSING IN APRIL 2021
Bedroom 4 | Bathroom 2+1
Size (Sq.Ft.) 2455 | Home Details 42'
EXCLUSIVE FOR SALE IN WOODSTOCK

FOR SALE
EXCLUSIVE
JAMES C
CLOSING IN APRIL 2021
Bedroom 4 | Bathroom 2+1
Size (Sq.Ft.) 2250 | Home Details 36'
3+1 bdrms with finished Basement


Just listed for sale on MLS, 5 Sedgegrass way Brampton
KAMAL SANDHU RE/MAX GOLD REALTY INC BROKERAGE

# ਕਲੇ ਕਲੰਦਰ ਵਸੇ ਤੇ ਘੜਿਓ ਪਾਣੀ ਨੱਸੇ

ਸਿਆਣੇ ਕਹਿੰਦੇ ਹਨ ਕਿ ਕਲੇ ( ਕਲੇਸ਼) ਦਾ ਮੂੰਹ ਕਾਲਾ ਹੁੰਦਾ । ਸਿਆਣਿਆਂ ਦਾ ਇਹ ਕਹਿਣਾ ਬਿਲਕੁਲ ਦਰੁਸਤ ਹੈ ਕਿਉਂਕਿ ਕਹਿੰਦੇ ਨੇ ਸਿਆਣਿਆਂ ਨੂੰ ਧੁੱਪੇ ਧੌਲੇ ਨਹੀਂ ਆਏ ਹੁੰਦੇ, ਜਿੰਦਗੀ ਦਾ ਇੱਕ ਬਹੁਤ ਵੱਡਾ ਤਜੁਰਬਾ ਸਿਆਣੇ ਆਪਣੇ ਵਿੱਚ ਸਮਾਈ ਬੈਠੇ ਹੁੰਦੇ ਹਨ। ਅਸੀਂ ਸਾਰੇ ਉਹਨਾਂ ਘਰਾਂ ਜਾਂ ਲੋਕਾਂ ਨੂੰ ਬਹੁਤ ਸੁਖੀ ਮੰਨਦੇ ਹਾਂ ਜਿੰਨਾ ਕੋਲ ਦੁਨਿਆਵੀ ਤੇ ਭੌਤਿਕਵਾਦੀ ਚੀਜ਼ਾਂ ਜਾਂ ਸੁਖ ਹਨ, ਐਸ਼ੋ ਅਰਾਮ ਦੀ ਹਰ ਸਹੂਲਤ ਘਰ ਵਿੱਚ ਹੈ, ਇੱਕ ਆਲੀਸ਼ਾਨ ਜ਼ਿੰਦਗੀ ਜੀਅ ਰਹੇ ਹੋਣ। ਪਰ ਸੱਚ ਜਾਣਨਾ ਅਜਿਹੀਆਂ ਸੁਖ ਸਹੂਲਤਾਂ ਨਾਲ ਲੇਸ ਜਿੰਦਗੀ ਜਿਉਣ ਵਾਲੇ ਘਰ ਦੇ ਕਲੇਸ਼ ਤੋਂ ਦੁਖੀ ਹੋਏ ਹੁੰਦੇ ਹਨ । ਇਸ ਜਹਾਨ ਵਿੱਚ ਜੇਕਰ ਕੋਈ ਸੁਖੀ ਹੈ ਤਾਂ ਉਹ ਜਿਸ ਘਰ ਵਿੱਚ ਅਮਨ ਸ਼ਾਂਤੀ ਹੈ, ਕਲੇਸ਼ ਨਹੀਂ ਹੈ। ਸਾਰੇ ਪਰਿਵਾਰ ਦੇ ਸੁਰ ਇੱਕ ਹਨ। ਜਿਸ ਪਰਿਵਾਰ ਵਿੱਚ ਹਰ ਜੀਅ ਦੇ ਰਾਹ ਵੱਖਰੇ ਅਤੇ ਮਨ ਮਰਜ਼ੀਆਂ ਵਾਲੇ ਹੋਣਗੇ ਉਸ ਘਰ ਵਿੱਚ ਕਲੇਸ਼ ਹੋਣਾ ਸੁਭਾਵਿਕ ਹੈ। ਮੇਰੇ ਦਾਦੀ ਜੀ ਅਕਸਰ ਕਿਹਾ ਕਰਦੇ ਸਨ ਕਿ ਜਿਸ ਘਰ ਵਿੱਚ ਕਲੇਸ਼ ਹੁੰਦਾ ਉਹਨਾਂ ਘਰਾਂ ਵਿੱਚ ਬਰਕਤਾਂ ਕਿਤੇ ਖੰਭ ਲਾ ਉੱਡ ਪੁੱਡ ਜਾਂਦੀਆਂ ਹੁੰਦੀਆਂ। ਜਿਸ ਘਰ ਹਰ ਜੀਅ ਦਾ ਚਿਹਰਾ ਹੱਸੋਂ ਹੱਸੋਂ ਕਰਦਾ ਹੋਵੇ, ਪਿਆਰ ਹੋਵੇ, ਇਤਫ਼ਾਕ ਹੋਵੇ ਉਸ ਘਰ ਰੱਬ ਵੀ ਦਿਆਲ ਹੋ ਨੋ ਨਿਧੀਆਂ ਅਠਾਰਾਂ ਸਿਧੀਆਂ ਕਰਦਾ।



ਹਰਕੀਰਤ ਕੌਰ
9779118066

ਕਹਿਣ ਤੋਂ ਭਾਵ ਕਿ ਪਰਿਵਾਰ ਵਿੱਚ ਇਤਫ਼ਾਕ ਬਹੁਤ ਜਰੂਰੀ ਹੈ। ਪਰਿਵਾਰ ਦੇ ਹਰ ਮੈਂਬਰ ਨੂੰ ਇੱਕ ਦੂਸਰੇ ਦੀ ਇੱਜ਼ਤ ਕਰਨੀ ਪਵੇਗੀ। ਛੋਟੀਆਂ ਮੋਟੀਆਂ ਗੱਲਾਂ ਹਰ ਘਰ ਪਰਿਵਾਰ ਵਿੱਚ ਹੁੰਦੀਆਂ ਹਨ, ਪਰ ਮੁੱਦਾ ਇਹ ਹੈ ਕਿ ਅਸੀਂ ਉਹਨਾਂ ਮਸਲਿਆਂ ਨਾਲ ਕਿਵੇਂ ਨਜਿੱਠਦੇ ਹਾਂ, ਜੇਕਰ ਕਿਸੇ ਬੱਚੇ ਕੋਲੋਂ ਗਲਤੀ ਹੋਈ ਹੋਵੇ ਤਾਂ ਪਰਿਵਾਰ ਦੇ ਵੱਡਿਆਂ ਵੱਲੋਂ ਉਸਨੂੰ ਪਿਆਰ ਨਾਲ ਸਮਝਾਉਣਾ ਚਾਹੀਦਾ ਹੈ, ਜੇਕਰ ਬੱਚੇ ਕਦੇ ਮਾਪਿਆਂ ਨਾਲ ਕਿਸੇ ਗੱਲੋਂ ਖਫ਼ਾ ਹਨ ਤਾਂ ਬੱਚਿਆਂ ਨੂੰ ਬੇਝਿਜਕ ਹੋਕੇ ਮਾਪਿਆਂ ਨਾਲ ਆਪਣੀ ਗੱਲ ਕਰ ਲੈਣੀ ਚਾਹੀਦੀ ਹੈ। ਪਰਿਵਾਰ ਵਿੱਚ ਇਕੱਠਿਆ ਬੈਠ ਇੱਕ ਦੂਸਰੇ ਨੂੰ ਜਾਣਨ ਦਾ ਯਤਨ ਕਰਨਾ ਚਾਹੀਦਾ ਹੈ।

ਘਰ, ਪਰਿਵਾਰ ਦਾ ਮਾਹੌਲ ਜਿਆਦਾ ਸਖਤ ਵੀ ਨਾ ਹੋਵੇ ਕਿ ਪਰਿਵਾਰ ਦਾ ਕੋਈ ਵੀ ਮੈਂਬਰ ਘੁੱਟਣ ਮਹਿਸੂਸ ਕਰੇ, ਪਿਆਰ ਅਤੇ ਸਤਿਕਾਰ ਨਾਲ ਹਰ ਜੀਅ ਦੀ ਇੱਛਾ ਦਾ ਧਿਆਨ ਰੱਖਿਆ ਜਾਵੇ। ਨੂੰਹ ਲਈ ਆਪਣੇ ਪਤੀ ਤੋਂ ਵੀ ਪਹਿਲਾਂ ਸੱਸ ਸਹੁਰਾ ਹੋਵੇ ਅਤੇ ਸੱਸ ਸਹੁਰੇ ਲਈ ਧੀ ਤੋਂ ਪਹਿਲਾਂ ਨੂੰਹ। ਅਜਿਹੇ ਪਰਿਵਾਰਾਂ ਵਿੱਚ ਬਰਕਤਾਂ ਆਪ ਆਉਂਦੀਆਂ ਹਨ। ਪਰ ਜਿੰਨਾ ਘਰਾਂ ਵਿੱਚ ਕਲੇਸ਼ ਹੋਣ, ਹਰ ਜੀਅ ਦੇ ਰਾਹ ਵੱਖਰੇ ਵੱਖਰੇ ਹੋਣ ਉਹਨਾਂ ਘਰਾਂ ਵਿੱਚ ਅਵਾਜ਼ਾਰੀਆਂ ਜਨਮ ਲੈਂਦੀਆ ਹਨ ਅਤੇ ਸੁਖ ਸ਼ਾਂਤੀ ਕਿਧਰੇ ਖੰਭ ਲਗਾ ਉੱਡ ਪੁੱਡ ਜਾਂਦੀ ਹੈ । ਕਈ ਵਾਰ ਅਜਿਹੇ ਮਾਹੌਲ ਵਿੱਚ ਰਹਿਣ ਕਰਕੇ ਕਈ ਪਰਿਵਾਰਿਕ ਜੀਅ ਮਾਨਸਿਕ ਤੌਰ ਉੱਪਰ ਪਰੇਸ਼ਾਨ ਹੋ ਜਾਂਦੇ ਹਨ ਅਤੇ ਹਸਪਤਾਲਾਂ ਵਿੱਚ ਧੱਕੇ ਖਾਂਦੇ ਰਹਿੰਦੇ ਹਨ। ਜਿਹੜੀਆਂ ਭੌਤਿਕਵਾਦੀ ਚੀਜ਼ਾਂ ਪਿੱਛੇ ਖੱਜਲ ਖੁਆਰ ਹੋ ਲੋਕ ਆਪਣਿਆਂ ਨਾਲ ਲੜਦੇ ਹਨ, ਉਹਨਾਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਇਸ ਦੁਨੀਆਂ ਵਿੱਚ ਪੈਸੇ ਨਾਲ ਹਰ ਚੀਜ਼ ਖਰੀਦੀ ਜਾ ਸਕਦੀ ਹੈ ਪਰ ਪਰਿਵਾਰ, ਪਿਆਰ, ਆਪਣੇ ਇਹ ਸਭ ਨਹੀਂ ਖਰੀਦਿਆ ਜਾ ਸਕਦਾ।

ਸੋ ਸਿੱਟਾ ਇਹੀ ਨਿਕਲਦਾ ਹੈ ਕਿ ਕਲੇਸ਼ ਦਾ ਮੂੰਹ ਸੱਚਮੁੱਚ ਕਾਲਾ ਹੁੰਦਾ ਹੈ। ਯਤਨ ਰਹੇ ਕਿ ਪਰਿਵਾਰਾਂ ਵਿੱਚ ਸ਼ਾਂਤੀ ਬਣੀ ਰਹੇ, ਕੋਈ ਵੀ ਲੜਾਈ ਝਗੜਾ ਏਨਾ ਵੱਡਾ ਨਾ ਹੋਵੇ ਕਿ ਈਰਖਾ, ਦਵੇਸ਼ ਅਤੇ ਹੰਕਾਰ ਜਿੱਤ ਜਾਣ ਅਤੇ ਰਿਸ਼ਤੇ ਹਾਰ ਜਾਣ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਨਿਆਂ ਪਾਲਿਕਾ ਨੂੰ ਕਾਬੂ ਨਹੀਂ ਕੀਤਾ ਜਾ ਸਕਦਾ

-ਵਿਨੀਤ ਨਾਰਾਇਣ-

ਭਾਰਤ ਦੇ ਮੌਜੂਦਾ ਚੀਫ ਜਸਟਿਸ ਐਨ ਵੀ ਰਮੰਨਾ ਨੇ 'ਜ਼ੂਮ' ਰਾਹੀਂ ਸਾਰੇ ਦੇਸ਼ ਨੂੰ ਸੰਬੋਧਨ ਕਰਦੇ ਹੋਏ ਬਹੁਤ ਹੀ ਮਹੱਤਵ ਪੂਰਨ ਗੱਲ ਕਹੀ ਹੈ ਕਿ ਨਿਆਂ ਪਾਲਿਕਾ ਨੂੰ ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ। ਇਸ ਨੂੰ ਵਿਧਾਨ ਪਾਲਿਕਾ ਜਾਂ ਕਾਰਜ ਪਾਲਿਕਾ ਰਾਹੀਂ ਸਿੱਧੇ ਜਾਂ ਲੁਕਵੇਂ ਢੰਗ ਨਾਲ ਕੰਟਰੋਲ ਨਹੀਂ ਕੀਤਾ ਜਾ ਸਕਦਾ। ਅਜਿਹਾ ਕੀਤਾ ਗਿਆ ਤਾਂ 'ਕਾਨੂੰਨ ਦਾ ਸ਼ਾਸਨ' ਛਲਾਵਾ ਬਣ ਕੇ ਰਹਿ ਜਾਵੇਗਾ। ਉਨ੍ਹਾਂ ਦੇ ਵਿਚਾਰ ਸੁੱਕੀ ਜ਼ਮੀਨ ਉੱਤੇ ਮੀਂਹ ਦੀ ਫੁਹਾਰ ਵਰਗੇ ਹਨ।

ਜਸਟਿਸ ਰਮਨਾ ਦਾ ਇਹ ਵਾਰ ਸਿੱਧਾ-ਸਿੱਧਾ ਦੇਸ਼ ਦੀ ਕਾਰਜ ਪਾਲਿਕਾ ਅਤੇ ਵਿਧਾਨ ਪਾਲਿਕਾ ਉਤੇ ਹੈ ਜਿਸ ਦੇ ਆਚਰਨ ਨੇ ਬੀਤੇ ਸਾਲਾਂ ਵਿੱਚ ਸੁਪਰੀਮ ਕੋਰਟ ਦੀ ਸ਼ਾਨ ਨੂੰ ਜਿੰਨਾ ਧੁੰਦਲਾ ਕੀਤਾ ਹੈ ਓਨਾ ਪਹਿਲਾਂ ਕਦੀ ਨਹੀਂ ਹੋਇਆ ਸੀ। ਸੇਵਾ ਮੁਕਤ ਹੋਏ ਭਾਰਤ ਦੇ ਚੀਫ ਜਸਟਿਸ ਸਦਾਸ਼ਿਵਮ ਨੂੰ ਕੇਰਲ ਦਾ ਗਵਰਨਰ ਬਣਾਇਆ ਜਾਣਾ ਅਤੇ ਇਸੇ ਤਰ੍ਹਾਂ ਭਾਰਤ ਦੇ ਚੀਫ ਜਸਟਿਸ ਰਹੇ ਰੰਜਨ ਗੋਗੋਈ ਨੂੰ ਰਾਜ ਸਭਾ ਦਾ ਮੈਂਬਰ ਬਣਾਉਣਾ ਸੁਪਰੀਮ ਕੋਰਟ ਦੇ ਇਤਿਹਾਸ ਵਿੱਚ ਇੱਕ ਬਦਨੁਮਾ ਦਾਗ ਵਾਂਗ ਯਾਦ ਕੀਤਾ ਜਾਵੇਗਾ।

ਪਹਿਲੀਆਂ ਸਰਕਾਰਾਂ ਨੇ ਵੀ ਜੱਜਾਂ ਨੂੰ ਆਪਣੇ ਪੱਖ ਵਿੱਚ ਕਰਨ ਲਈ ਸਿੱਧੇ ਅਤੇ ਕਦੀ-ਕਦੀ ਪ੍ਰਗਟ ਤੌਰ ਉੱਤੇ ਲਾਲਚ ਦਿੱਤੇ ਹਨ ਪਰ ਉਹ ਇੰਨੀ ਨਿਰਲੱਜਤਾ ਨਾਲ ਨਹੀਂ ਦਿੱਤੇ ਗਏ ਕਿ ਆਮ ਜਨਤਾ ਦੇ ਮਨ ਵਿੱਚ ਦੇਸ਼ ਦੇ ਸਭ ਤੋਂ ਵੱਡੇ ਜੱਜਾਂ ਦੇ ਆਚਰਨ ਪ੍ਰਤੀ ਸ਼ੱਕ ਪੈਦਾ ਹੋ ਜਾਵੇ। ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਅਜਿਹਾ ਇੱਕ ਅਨੈਤਿਕ ਕਾਰਾ ਹੋਰ ਹੋਇਆ ਸੀ, ਜਦੋਂ ਕਾਂਗਰਸ ਨੇ ਭਾਰਤ ਦੇ ਚੀਫ ਜਸਟਿਸ ਰਹੇ ਰੰਗਨਾਥ ਮਿਸ਼ਰਾ ਨੂੰ ਆਪਣੀ ਪਾਰਟੀ ਦੀ ਟਿਕਟ ਉਤੇ ਚੁਣ ਕੇ ਰਾਜ ਸਭਾ ਦਾ ਮੈਂਬਰ ਬਣਾਇਆ ਸੀ। ਉਦੋਂ ਕਾਂਗਰਸ ਸੱਤਾ ਵਿੱਚ ਨਹੀਂ ਸੀ। ਇਸ ਲਈ ਮਿਸ਼ਰਾ ਦੀ ਚੋਣ ਨੂੰ ਸਦਾਸ਼ਿਵਮ ਅਤੇ ਗੋਗੋਈ ਵਾਂਗ ਸੱਤਾਧਾਰੀ ਪਾਰਟੀ ਵੱਲੋਂ ਉਨ੍ਹਾਂ ਦੀਆਂ 'ਸਰਕਾਰ ਪ੍ਰਤੀ ਸੇਵਾਵਾਂ ਦਾ ਇਨਾਮ' ਨਹੀਂ ਕਿਹਾ ਜਾ ਸਕਦਾ। ਇਸ ਦੇ ਪਿਛੋਕੜ ਵਿੱਚ ਜੋ ਕਾਰਨ ਸੀ, ਉਹ ਓਦਾਂ ਦਾ ਨਹੀਂ ਸੀ ਜਿਸ ਕਾਰਨ ਪ੍ਰਧਾਨ ਮੰਤਰੀ ਮੋਦੀ ਨੇ ਇਨ੍ਹਾਂ ਦੋ ਸਾਬਕਾ ਚੀਫ ਜੱਜਾਂ ਨੂੰ ਸਨਮਾਨਤ ਕੀਤਾ ਹੈ। ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ 1984 ਵਿੱਚ ਦਿੱਲੀ ਵਿੱਚ ਹੋਏ ਦੰਗਿਆਂ ਦੀ ਜਾਂਚ ਲਈ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਇੱਕ ਮੈਂਬਰੀ 'ਰੰਗਨਾਥ ਮਿਸ਼ਰਾ ਕਮਿਸ਼ਨ' ਬਣਾਇਆ ਸੀ, ਜਿਸ ਨੇ ਉਨ੍ਹਾਂ ਦੰਗਿਆਂ ਵਿੱਚ ਸਰਕਾਰ ਦੀ ਭੂਮਿਕਾ ਨੂੰ 'ਕਲੀਨ ਚਿਟ' ਦੇ ਦਿੱਤੀ। ਉਸੇ ਦਾ ਇਨਾਮ ਉਨ੍ਹਾਂ ਨੂੰ 1998 ਵਿੱਚ ਮਿਲਿਆ ਸੀ।

75 ਸਾਲ ਦੇ ਇਤਿਹਾਸ ਵਿੱਚ ਸੁਪਰੀਮ ਕੋਰਟ ਦੇ 220 ਜੱਜਾਂ ਵਿੱਚੋਂ ਇਹ ਕੁਲ ਤਿੰਨ ਨਿਵੇਕਲੇ ਕੇਸ ਹੋਏ ਹਨ। ਇਸ ਨਾਲ ਸੰਦੇਸ਼ ਕੀ ਜਾਂਦਾ ਹੈ? ਕੀ ਇਨ੍ਹਾਂ ਤਿੰਨ ਜੱਜਾਂ ਨੇ ਕੁਝ ਅਜਿਹੇ ਫੈਸਲੇ ਦਿੱਤੇ ਹੋਣਗੇ ਜੋ ਨਿਆਂ ਦੀ ਕਸੌਟੀ ਉੱਤੇ ਖਰੇ ਨਹੀਂ ਹੋਣਗੇ। ਉਨ੍ਹਾਂ ਫੈਸਲਿਆਂ ਦਾ ਮਕਸਦ ਸਿਰਫ਼ ਓਦੋਂ ਦੇ ਪ੍ਰਧਾਨ ਮੰਤਰੀ ਨੂੰ ਖ਼ੁਸ਼ ਕਰਨਾ ਹੋਵੇਗਾ। ਇਸ ਲਈ ਉਨ੍ਹਾਂ ਨੂੰ ਇਹ ਇਨਾਮ ਮਿਲਿਆ। ਇਸ ਨਾਲ ਤਿੰਨਾਂ ਸਾਬਕਾ ਜੱਜਾਂ ਦਾ ਨਿੱਜੀ ਅਕਸ ਵੀ ਧੁੰਦਲਾ ਹੋਇਆ ਤੇ ਸਰਬ ਉਚ ਅਦਾਲਤ ਦੀ ਨਿਰਪੱਖਤਾ ਉੱਤੇ ਵੀ ਸ਼ੱਕ ਪੈਦਾ ਹੋਣਾ ਸੁਭਾਵਿਕ ਹੈ।

ਕੀ ਇਹ ਮੰਨਿਆਂ ਜਾਵੇ ਕਿ ਜਸਟਿਸ ਰਮੰਨਾ ਦਾ ਇਹ ਭਾਸ਼ਣ ਦੇਸ਼ ਦੀ ਕਾਰਜ ਪਾਲਿਕਾ ਅਤੇ ਵਿਧਾਨ ਪਾਲਿਕਾ ਨੂੰ ਚਿਤਾਵਨੀ ਹੈ ਜੋ ਲਗਾਤਾਰ ਨਿਆਂ ਪਾਲਿਕਾ ਉੱਤੇ ਵੀ ਆਪਣਾ ਸ਼ਿਕੰਜਾ ਕੱਸਣ ਦੀ ਜੁਗਤ ਵਿੱਚ ਰਹੀ ਹੈ। ਲੋਕਤੰਤਰ ਦੀ ਮਜ਼ਬੂਤੀ ਲਈ ਉਸਦੇ ਚਾਰਾਂ ਥੰਮ੍ਹਾਂ ਪ੍ਰਤੀ ਜਵਾਬਦੇਹ ਹੋਣਾ ਜ਼ਰੂਰੀ ਹੁੰਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੌਮਾਂਤਰੀ ਮੰਚਾਂ ਉੱਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਭਰਪੂਰ ਵਕਾਲਤ ਕਰਦੇ ਹਨ ਪਰ ਉਨ੍ਹਾਂ ਦੇ ਰਾਜ ਵਿੱਚ ਇਸ ਆਜ਼ਾਦੀ ਦਾ ਜਿੰਨਾ ਘਾਣ ਹੋਇਆ ਹੈ, ਓਨਾ ਮੈਂ ਪਿਛਲੇ 35 ਸਾਲਾਂ ਦੀ ਆਪਣੀ ਪੱਤਰਕਾਰਿਤਾ ਜ਼ਿੰਦਗੀ ਵਿੱਚ 18 ਮਹੀਨੇ ਦੀ ਐਮਰਜੈਂਸੀ ਨੂੰ ਛੱਡ ਕੇ ਕਦੇ ਨਹੀਂ ਦੇਖਿਆ। ਇਹ ਬੜਾ ਖਤਰਨਾਕ ਵਤੀਰਾ ਹੈ ਕਿਉਂਕਿ ਇਸ ਨਾਲ ਲੋਕਤੰਤਰ ਲਗਾਤਾਰ ਕਮਜ਼ੋਰ ਹੋ ਰਿਹਾ ਹੈ ਅਤੇ ਰਾਜਾਂ ਤੱਕ ਵਿੱਚ ਹੀਰੋਵਾਦੀ ਪ੍ਰਵਿਰਤੀਆਂ ਤੇਜ਼ੀ ਨਾਲ ਵੱਧ ਰਹੀਆਂ ਹਨ।

ਨਿਆਂਪਾਲਿਕਾ ਦੀ ਆਜ਼ਾਦੀ ਨੂੰ ਸੰਭਾਲ ਕੇ ਰੱਖਣ ਨਾਲ ਸਰਕਾਰ ਦੇਸ਼ ਦੀ ਕਰੋੜਾਂ ਜਨਤਾ ਦਾ ਭਰੋਸਾ ਹਾਸਲ ਕਰ ਲਵੇਗੀ। ਇਸ ਨਾਲ ਆਮ ਆਦਮੀ ਨੂੰ ਇਨਸਾਫ਼ ਮਿਲਣ ਦੀ ਆਸ ਬਣੀ ਹੁੰਦੀ ਹੈ। ਇਸ ਨਾਲ ਸਰਕਾਰ ਵਿੱਚ ਵੀ ਨਿਆਂ ਪਾਲਿਕਾ ਦਾ ਸਿੱਧਾ ਡਰ ਰਹਿੰਦਾ ਹੈ। ਇਹੀ ਸਿਹਤਮੰਦ ਲੋਕਤੰਤਰ ਦੀ ਨਿਸ਼ਾਨੀ ਹੈ। ਜਦੋਂ ਸਰਕਾਰ ਅਜਿਹੇ ਕੰਮ ਕਰਦੀ ਹੈ, ਜਿਸ ਵਿੱਚ ਦੇਸ਼ ਦੇ ਸਰੋਤਾਂ ਜਾਂ ਰਾਸ਼ਟਰੀ ਹਿੱਤ ਦਾ ਖ਼ੁਦਗਰਜ਼ੀ ਵਸ ਜਾਂ ਹੋਰ ਅਨੈਤਿਕ ਕਾਰਨਾਂ ਨਾਲ ਬਲੀਦਾਨ ਹੁੰਦਾ ਹੈ, ਤਦ ਸਰਕਾਰਾਂ ਆਪਣੀ ਕਮਜ਼ੋਰੀ ਜਾਂ ਭ੍ਰਿਸ਼ਟਾਚਾਰ ਨੂੰ ਲੁਕਾਉਣ ਲਈ ਨਿਆਂ ਪਾਲਿਕਾ ਦਾ ਸਹਾਰਾ ਲੈਂਦੀਆਂ ਹਨ।

ਦੂਜੇ ਪਾਸੇ ਇਹ ਵੀ ਮਹੱਤਵ ਪੂਰਨ ਹੈ ਕਿ ਜੱਜਾਂ ਨੂੰ ਆਪਣੀ ਸ਼ਾਨ ਦੀ ਖ਼ੁਦ ਚਿੰਤਾ ਕਰਨੀ ਚਾਹੀਦੀ ਹੈ। ਜਿਸ ਤਰ੍ਹਾਂ ਸਮਾਜ ਦੇ ਹੋਰ ਖੇਤਰਾਂ ਵਿੱਚ ਨੈਤਿਕ ਪਤਨ ਹੋਇਆ ਹੈ, ਉਸ ਤੋਂ ਨਿਆਂ ਪਾਲਿਕਾ ਵੀ ਅਣਛੋਹੀ ਨਹੀਂ ਰਹੀ। ਇਹ ਗੱਲ ਕਈ ਮਿਸਾਲਾਂ ਨਾਲ ਸਿੱਧ ਕੀਤੀ ਜਾ ਸਕਦੀ ਹੈ। ਆਮ ਭਾਰਤੀ, ਜਿਸ ਦਾ ਨਿਆਂ ਵਿਵਸਥਾ ਨਾਲ ਕਦੀ ਵੀ ਵਾਹ ਪਿਆ ਹੈ, ਉਸ ਨੇ ਇਸ ਪੀੜ ਨੂੰ ਮਹਿਸੂਸ ਕੀਤਾ ਹੋਵੇਗਾ। ਹਾਂ, ਵੱਖਰੇ ਲੋਕ ਹਰ ਥਾਂ ਹੁੰਦੇ ਹਨ। ਇਸ ਪੱਖ ਤੋਂ ਨਿਆਂ ਪਾਲਿਕਾ ਵਿੱਚ ਗੰਭੀਰ ਚਿੰਤਨ ਹੋਣਾ ਚਾਹੀਦਾ ਹੈ। ਸੰਨ 2000 ਵਿੱਚ ਭਾਰਤ ਦੇ ਚੀਫ ਜੱਜ ਐਸ ਪੀ ਭਰੂਚਾ ਨੇ ਕੇਰਲ ਦੇ ਇੱਕ ਸੈਮੀਨਾਰ ਵਿੱਚ ਬੋਲਦੇ ਹੋਏ ਕਿਹਾ ਸੀ ਕਿ ''ਸੁਪਰੀਮ ਕੋਰਟ ਵਿੱਚ ਵੀ ਭ੍ਰਿਸ਼ਟਾਚਾਰ ਹੈ, ਪਰ ਮੌਜੂਦਾ ਕਾਨੂੰਨ ਉਸ ਨਾਲ ਨਜਿੱਠਣ ਲਈ ਕਾਫ਼ੀ ਨਹੀਂ। ਭ੍ਰਿਸ਼ਟ ਜੱਜਾਂ ਨੂੰ ਸੇਵਾ ਵਿੱਚ ਰਹਿਣ ਦਾ ਕੋਈ ਅਧਿਕਾਰ ਨਹੀਂ ਹੋਣਾ ਚਾਹੀਦਾ।'' ਉਨ੍ਹਾਂ ਦੀ ਇਸ ਗੱਲ ਨੂੰ ਅੱਜ 21 ਸਾਲ ਹੋ ਗਏ, ਪਰ ਇਸ ਦਿਸ਼ਾ ਵਿੱਚ ਕੋਈ ਸਾਰਥਕ ਯਤਨ ਨਹੀਂ ਕੀਤਾ ਗਿਆ। ਕੀ ਆਸ ਰੱਖੀ ਜਾਵੇ ਕਿ ਜਸਟਿਸ ਰਮੰਨਾ ਤੇ ਉਨ੍ਹਾਂ ਦੇ ਸਹਿਯੋਗੀ ਜੱਜ ਇਸ ਵਿਸ਼ੇ ਵਿੱਚ ਵੀ ਠੋਸ ਕਦਮ ਚੁੱਕਣਗੇ?

ਨਿਆਂ ਪਾਲਿਕਾ ਵਿੱਚ ਸੁਧਾਰ ਲਈ ਰਾਸ਼ਟਰਪਤੀ, ਨਿਆਂਇਕ ਕਮਿਸ਼ਨ, ਵੱਡੇ-ਵੱਡੇ ਨਿਆਂ ਮਾਹਿਰ ਅਤੇ ਕਾਨੂੰਨ ਪੜ੍ਹਾਉਣ ਵਾਲੇ ਸਮੇਂ-ਸਮੇਂ ਉੱਤੇ ਆਪਣੇ ਸੁਝਾਅ ਦਿੰਦੇ ਰਹੇ ਹਨ, ਪਰ ਉਨ੍ਹਾਂ ਦਾ ਲਾਗੂਕਰਨ ਨਹੀਂ ਹੋ ਸਕਿਆ। ਸਰਕਾਰਾਂ ਨਿਆਂ ਪਾਲਿਕਾ ਨੂੰ ਮਜ਼ਬੂਤ ਨਹੀਂ ਹੋਣ ਦੇਣਾ ਚਾਹੁੰਦੀਆਂ ਅਤੇ ਮਾੜੀ ਕਿਸਮਤ ਨਾਲ ਨਿਆਂ ਪਾਲਿਕਾ ਵੀ ਆਪਣੇ ਆਚਰਨ ਵਿੱਚ ਮੁੱਢਲੀ ਤਬਦੀਲੀ ਲਿਆਉਣ ਦੀ ਚਾਹਵਾਨ ਨਹੀਂ ਰਹੀ। ਕੀ ਮੰਨਿਆਂ ਜਾਵੇ ਕਿ ਆਜ਼ਾਦੀ ਦੇ 75ਵੇਂ ਸਾਲ ਵਿੱਚ ਜਸਟਿਸ ਰਮੰਨਾ ਇਸ ਦਿਸ਼ਾ ਵਿੱਚ ਕੁਝ ਪਹਿਲਾ ਕਰਨਗੇ?

# ਸ਼ਰਮ ਦੀ ਮੁਲਾਕਾਤ ਇਮਾਨਦਾਰੀ ਨਾਲ

-ਸੂਰਜ ਕੁਮਾਰ ਪਾਂਡੇ

ਮੈਂ ਅਕਸਰ ਲੋਕਾਂ ਨੂੰ ਇੱਕ-ਦੂਸਰੇ ਨੂੰ ਇਹ ਕਹਿੰਦੇ ਸੁਣਿਆ ਸੀ ਕਿ ਤੈਨੂੰ ਸ਼ਰਮ ਵੀ ਨਹੀਂ ਆਉਂਦੀ! ਇੱਕ ਦਿਨ ਮੈਨੂੰ ਸ਼ਰਮ ਖੁਦ ਸਾਹਮਣੇ ਆਉਂਦੀ ਨਜ਼ਰੀ ਪੈ ਗਈ। ਉਹ ਸ਼ਰਮ ਕਦੇ ਹੱਟੀ-ਕੱਟੀ ਹੋਇਆ ਕਰਦੀ ਸੀ, ਅੱਜ ਸਿਲਾਈ ਵਾਂਗ ਪਤਲੀ ਹੋ ਗਈ ਸੀ। ਉਸ ਦਾ ਚਿਹਰਾ ਉਤਰਿਆ ਹੋਇਆ ਸੀ। ਜਦ ਮੇਰੇ ਕੋਲੋਂ ਗੁਜ਼ਰੀ, ਤਦ ਮੈਂ ਉਸ ਨੂੰ ਟੋਕਦੇ ਹੋਏ ਪੁੱਛ ਲਿਆ, 'ਕਿੱਥੋਂ ਆ ਰਹੀ ਏਂ ਅਤੇ ਕਿਧਰ ਜਾ ਰਹੀ ਏਂ?'

ਉਹ ਖਿਝੀ ਹੋਈ ਬੋਲੀ, ''ਇਹ ਨਾ ਪੁੱਛੋ ਕਿ ਮੈਂ ਕਿੱਥੋਂ ਆ ਰਹੀ ਹਾਂ, ਪਰ ਇਹ ਜ਼ਰੂਰ ਦੱਸ ਸਕਦੀ ਹਾਂ ਕਿ ਮੈਂ ਕਿੱਥੇ ਜਾ ਰਹੀ ਹਾਂ?''

ਮੈਂ ਕਿਹਾ, ''ਚੱਲ, ਇਹੀ ਦੱਸ ਦੇ।''

ਸ਼ਰਮ ਆਪਣੇ ਦੋਵਾਂ ਪੈਰਾਂ ਨੂੰ ਪਟਕਦੀ ਹੋਈ ਬੋਲੀ, ''ਡੁੱਬ ਕੇ ਮਰਨ ਜਾ ਰਹੀ ਹਾਂ।''

ਮੈਨੂੰ ਇਹ ਗੱਲ ਪਹਿਲਾਂ ਤੋਂ ਪਤਾ ਸੀ ਕਿ ਲੋਕ ਜਦ ਕਿਸੇ ਗੱਲ ਉੱਤੇ ਗੁੱਸੇ ਹੁੰਦੇ ਹਨ, ਤਦ ਸਾਹਮਣੇ ਵਾਲੇ ਨੂੰ ਕਹਿੰਦੇ ਹਨ ਕਿ ਸ਼ਰਮ ਨਾਲ ਡੁੱਬ ਮਰ। ਇਹ ਵੱਖਰੀ ਗੱਲ ਹੈ ਕਿ ਅੱਜ ਤੱਕ ਕਿਸੇ ਨੇ ਇਹ ਨਹੀਂ ਦੱਸਿਆ ਕਿ ਸ਼ਰਮ ਨਾਲ ਕੋਈ ਕਿੱਥੇ ਜਾ ਕੇ ਡੁੱਬ ਮਰੇ? ਇਸੇ ਨਾਤੇ ਲੋਕ ਇਸ ਗੱਲ ਨੂੰ ਬੇਸ਼ਰਮੀ ਨਾਲ ਇੱਕ ਕੰਨ ਤੋਂ ਸੁਣ ਕੇ ਦੂਸਰੇ ਕੰਨ ਤੋਂ ਕੱਢ ਦਿੰਦੇ ਹਨ। ਇਸ ਡੁੱਬ ਮਰਨ ਵਾਲੀ ਗੱਲ ਦਾ ਮੁਹਾਵਰੇ ਦੇ ਤੌਰ ਉੱਤੇ ਰੁਝਾਨ ਇੱਕ ਆਮ ਗੱਲ ਹੈ। ਵੈਸੇ ਵੀ ਡੁੱਬਣ ਵਾਸਤੇ ਤਲਾਬ, ਛੱਪੜ, ਖੂਹ, ਬਾਵੜੀਆਂ ਵਗੈਰਾ ਰਹੀਆਂ ਕਿੱਥੇ ਹਨ? ਜ਼ਮੀਨ ਹੇਠਲੇ ਪਾਣੀ ਦੇ ਘਟਣ ਨਾਲ ਇਸ ਕਰੂਰ ਸਮੇਂ ਵਿੱਚ ਮਨੁੱਖ ਅਤੇ ਜਲ, ਦੋਵਾਂ ਦਾ ਪੱਧਰ ਰਸਾਤਲ ਵਿੱਚ ਪਹੁੰਚ ਚੁੱਕਾ ਹੈ। ਆਦਮੀ ਦਾ ਖੁਦ ਦਾ ਪਾਣੀ ਇੰਨਾ ਮਰ ਚੁੱਕਾ ਹੈ ਕਿ ਉਹ ਪਾਣੀ ਦੇ ਮਰਨ ਦੀ ਵੀ ਪ੍ਰਵਾਹ ਨਹੀਂ ਕਰਦਾ। ਇਸ ਦੇ ਕਾਰਨ ਸ਼ਰਮ ਨਾਲ ਚੁੱਲੂ ਭਰ ਪਾਣੀ ਵਿੱਚ ਡੁੱਬ ਮਰਨ ਦੀ ਕਹਾਵਤ ਵੀ ਬੇਕਾਰ ਹੋ ਚੁੱਕੀ ਹੈ।

ਸ਼ਰਮ ਨੂੰ ਡੁੱਬ ਕੇ ਮਰਨ ਦੇ ਲਈ ਜਾਂਦੇ ਹੋਏ ਦੇਖਣਾ ਆਪਣੇ ਆਪ ਵਿੱਚ ਇੱਕ ਵਿਰਲੀ ਘਟਨਾ ਸੀ, ਜੋ ਅੱਜ ਪੂਰੀ ਤਰ੍ਹਾਂ ਮੇਰੀਆਂ ਅੱਖਾਂ ਸਾਹਮਣੇ ਵਾਪਰ ਰਹੀ ਸੀ। ਮੈਨੂੰ ਯਕੀਨ ਨਹੀਂ ਹੋ ਰਿਹਾ ਸੀ, ਪਰ ਉਸ ਉੱਤੇ ਭਰੋਸਾ ਕਰਨ ਦੇ ਸਿਵਾ ਕੋਈ ਚਾਰਾ ਵੀ ਨਹੀਂ ਸੀ। ਜੇ ਇਸ ਯਕੀਨ ਨੂੰ ਅਸੀਂ ਆਪਣੀ ਜ਼ਿੰਦਗੀ ਵਿੱਚੋਂ ਕੱਢ ਦੇਈਏ ਤਾਂ ਸਾਡਾ ਜੀਉਣਾ ਮੁਹਾਲ ਹੋ ਜਾਵੇਗਾ। ਇਸ ਯਕੀਨ ਦੇ ਚਲਦੇ ਜਦ ਅਸੀਂ ਬਿਮਾਰ ਹੁੰਦੇ ਹਾਂ ਤਾਂ ਇਲਾਜ ਵਾਲੇ ਡਾਕਟਰ ਨੂੰ ਧਰਤੀ ਦੇ ਭਗਵਾਨ ਵਜੋਂ ਵੇਖਦੇ ਹਾਂ। ਇਹ ਵੱਖਰੀ ਗੱਲ ਹੈ ਕਿ ਇਸ ਵਿੱਚ ਵੀ ਉਲਟ ਹੁੰਦਾ ਹੈ। ਹਰ ਖੇਤਰ ਵਿੱਚ ਮਜਬੂਰੀ ਦਾ ਫਾਇਦਾ ਉਠਾਉਣ ਵਾਲੇ ਬੇਸ਼ਰਮ ਵਿਅਕਤੀ ਆਪਣੀ ਧਨ-ਲਾਲਸਾ ਕਾਰਨ ਕੁਝ ਬੇਸ਼ਰਮੀ ਵਾਲੇ ਕੰਮ ਕਰਦੇ ਹਨ। ਅਜਿਹੇ ਹੀ ਲੋਕਾਂ ਦੇ ਲਈ ਚਾਚਾ ਗਾਲਿਬ ਲਿਖ ਗਏ ਹਨ, 'ਕਾਅਬਾ ਕਿਸ ਮੂੰਹ ਸੇ ਜਾਓਗੇ ਗਾਲਿਬ, ਸ਼ਰਮ ਤੁਮ ਕੋ ਮਗਰ ਨਹੀਂ ਆਤੀ।'

ਓਧਰ ਸ਼ਰਮ ਮੇਰੇ ਸਾਹਮਣੇ ਖੜ੍ਹੀ ਸੀ ਤੇ ਇਧਰ ਮੈਂ ਯਕੀਨ ਉੱਤੇ ਚਿੰਤਨ ਕਰਨ ਲੱਗ ਪਿਆ ਸੀ। ਖੈਰ, ਸ਼ਰਮ ਨੇ ਮੈਨੂੰ ਝੰਜੋੜਦੇ ਹੋਏ ਮੇਰੀ ਸੋਚ ਭੰਗ ਕੀਤੀ ਅਤੇ ਕਹਿਣ ਲੱਗੀ, 'ਮੈਂ ਆਖਰੀ ਫੈਸਲਾ ਲੈ ਲਿਆ ਹੈ ਕਿ ਡੁੱਬ ਮਰਾਂਗੀ। ਅੱਜ ਦੇ ਸਮੇਂ ਵਿੱਚ ਲੋਕ ਮੇਰੇ ਤੋਂ ਵੱਧ ਬੇਸ਼ਰਮੀ ਨਾਲ ਵਾਸਤਾ ਰੱਖਣ ਲੱਗ ਗਏ ਹਨ। ਇੱਕ ਦੌਰ ਉਹ ਹੁੰਦਾ ਸੀ, ਜਦ ਮਨੁੱਖ ਆਪਣੇ ਚਰਿੱਤਰ ਤੇ ਨੈਤਿਕ ਕਦਰਾਂ ਕੀਮਤਾਂ ਦੀ ਰੱਖਿਆ ਲਈ ਮੇਰੀ ਆੜ ਲਿਆ ਕਰਦਾ ਤੇ ਸਮਾਜ ਤੋਂ ਡਰਦਾ ਸੀ ਅਤੇ ਕੋਈ ਮਾੜਾ ਕੰਮ ਕਰਨ ਤੋਂ ਪਹਿਲਾਂ ਸੌ ਵਾਰ ਸੋਚਦਾ ਸੀ ਕਿ ਲੋਕ ਕੀ ਕਹਿਣਗੇ? ਅੱਜ ਇਨਸਾਨ ਦੀ ਬੇਸ਼ਰਮੀ ਦਾ ਹਾਲ ਇਹ ਹੋ ਗਿਆ ਹੈ ਕਿ ਖੁੱਲੇਆਮ ਗਾਉਂਦਾ ਹੋਇਆ ਘੁੰਮਦਾ ਹੈ: ਕੁਝ ਤੋ ਲੋਗ ਕਹੇਂਗੇ, ਲੋਗੋਂ ਕਾ ਕਾਮ ਹੈ ਕਹਿਨਾ।'

ਮੈਂ ਕਿਹਾ, ''ਇੰਨਾ ਨਿਰਾਸ਼ ਹੋਣ ਦੀ ਲੋੜ ਨਹੀਂ ਸ਼ਰਮ, ਲਾਜ, ਹਯਾ ਤਾਂ ਮਨੁੱਖ ਦੇ ਗਹਿਣਾ ਹੋਇਆ ਕਰਦੇ ਸਨ। ਸੋਚ ਭਲਾ, ਜਦ ਤੂੰ ਹੀ ਨਾ ਰਹੀ ਤਾਂ ਮਨੁੱਖੀ ਦਲਿੱਦਰਤਾ ਦੇ ਫੁੱਲਾਂ ਦੀ ਮਾਲਾ ਪਹਿਨੀ ਕਿੰਨੀ ਮਾੜੀ ਦਿਖਾਈ ਪਵੇਗੀ?''

ਸ਼ਰਮ ਮਿੰਨ੍ਹਾ-ਮਿੰਨ੍ਹਾ ਹਾਸਾ ਹੱਸਦੇ ਹੋਏ ਬੋਲੀ, ''ਇਹੀ ਗੱਲ ਤੂੰ ਰਾਜਨੀਤੀ, ਮਜ਼੍ਹਬ ਅਤੇ ਉਦਯੋਗ-ਵਪਾਰ ਵਿੱਚ ਸ਼ਾਮਲ ਉਨ੍ਹਾਂ ਲੋਕਾਂ ਨੂੰ ਜਾ ਕੇ ਕਿਉਂ ਨਹੀਂ ਸਮਝਾਉਂਦਾ, ਜਿਨ੍ਹਾਂ ਨੇ ਆਪਣੀ ਸ਼ਰਮ ਵੇਚ ਖਾਧੀ ਹੈ। ਅੱਜ ਸਾਰੇ ਖੇਤਰ ਧੰਦੇ ਵਿੱਚ ਬਦਲ ਚੁੱਕੇ ਹਨ। ਪੈਸਾ ਭਗਵਾਨ ਹੋ ਗਿਆ ਹੈ। ਇਸ ਤੋਂ ਪਹਿਲਾਂ ਕਿ ਮੈਂ ਜਿੰਨੀ ਬਚੀ ਹੋਈ ਹਾਂ, ਲੋਕ ਉਸ ਨੂੰ ਵੀ ਵੇਚ ਦੇਣ, ਮੇਰਾ ਮਰ ਜਾਣਾ ਹੀ ਬਿਹਤਰ ਹੋਵੇਗਾ।''

ਮੈਂ ਸ਼ਰਮ ਦਾ ਹੱਥ ਫੜ ਕੇ ਉਥੇ ਲੈ ਗਿਆ, ਜਿੱਥੇ ਉਸ ਦੀ ਵੱਡੀ ਭੈਣ ਇਮਾਨਦਾਰੀ ਦੀ ਕੁਟੀਆ ਸੀ। ਉਂਜ ਉਸ ਦੀ ਸਿਹਤ ਵੀ ਠੀਕ ਨਹੀਂ ਦਿੱਸ ਰਹੀ ਸੀ। ਫਿਰ ਵੀ ਉਸ ਨੇ ਲਪਕ ਕੇ ਸ਼ਰਮ ਨੂੰ ਆਪਣੇ ਗਲੇ ਲਾ ਲਿਆ। ਦੋਵੇਂ ਸਕੀਆਂ ਭੈਣਾਂ ਇੱਕ-ਦੂਸਰੇ ਨਾਲ ਲਿਪਟ ਕੇ ਦੇਰ ਤੱਕ ਰੋਂਦੀਆਂ ਰਹੀਆਂ। ਮੈਂ ਇਹ ਸੋਚ ਕੇ ਸੰਤੁਸ਼ਟ ਹੋਇਆ ਅਤੇ ਵਾਪਸ ਪਰਤ ਆਇਆ ਕਿ ਜਦ ਤੱਕ ਇਸ ਧਰਤੀ ਉੱਤੇ ਇਮਾਨਦਾਰੀ ਬਣੀ ਰਹੇਗੀ, ਤਦ ਤੱਕ ਸ਼ਰਮ ਵੀ ਬਚੀ ਰਹੇਗੀ।

## ਦੁੱਖੜੇ

ਪਿੰਜਰ ਪਿੰਜਰ ਸਰੀਰ ਹੋਇਆ
ਮੇਰੇ ਫਿਕਰ ਚ ਜੰਡ ਕਰੀਰ ਰੋਇਆ
ਕੀ ਗਵਾ ਲਿਆ ਤੇ ਕੀ ਪਾ ਬੈਠੀ
ਉਹ ਭੈਣ ਹੀ ਜਾਣੇ ਜੀਦਾ ਵੀਰ ਮੋਇਆ
ਮਾਂ ਦੇ ਵੀ ਨੌ ਮਹੀਨੇ ਬੇਕਾਰ ਗਏ
ਜੰਮਦੀ ਨੇ ਜੋ ਕਸ਼ਟ ਸੀ ਝੱਲੇ
ਮਮਤਾ ਦੇ ਵਰਕੇ ਪਾੜ ਗਏ
ਨਾ ਪਾਣੀ ਵਾਰਿਆ ਨਾ ਨੂੰਹ ਦੇਖੀ
ਆਪਣੇ ਪੁੱਤ ਦੀ ਔਲਾਦ ਨਾ ਛੂ ਦੇਖੀ
ਜਵਾਨੀ ਵਿਚ ਹੀ ਲੈ ਗਏ ਫਰਿਸਤੇ
ਬਾਪੂ ਤੇਰੀ ਦੀ ਮਰਦੀ ਰੂਹ ਦੇਖੀ
ਤੇਰੇ ਕੱਪੜਿਆ ਤੇ ਚੀਜ਼ਾ ਨਾਲ ਗੱਲਾ ਕਰਦੇ
ਤੂੰ ਹਾਲ ਤਾ ਦੇਖਲਾ ਆ ਕੇ ਘਰਦੇ
ਦਿਲ ਤੇ ਬੱਦਲ ਦੁੱਖਾ ਵਾਲੇ
ਅੱਖਾ ਚੋ ਸਾਵਣ ਦੇਖ ਜਾ ਵਰਦੇ
ਦਾਦੀ ਦਾਦਾ ਵੀ ਗੁੰਮ ਸੁੰਮ ਰਹਿੰਦੇ
ਪੋਤਾ- ਪੋਤਾ ਹਰ ਦਮ ਕਹਿੰਦੇ
ਕੀਹਦੇ ਲਈ ਮੈ ਜੋੜਨੇ ਪੈਸੇ
ਤੇਰੇ ਬਾਪੂ ਜੀ ਮੈਨੂੰ ਕੱਲ ਸੀ ਕਹਿੰਦੇ
ਤੈਨੂੰ ਵਾਪਸ ਮੋੜਨ ਖਾਤਿਰ
ਰੱਬ ਚੰਦਰਾ ਵੀ ਕਿੱਥੋ ਮੰਨੂੰ
ਏਸ ਵਾਰੀ ਤਾ ਭੈਣ ਤੇਰੀ
ਤੇਰੇ ਮੋਟਰਸਾਈਕਲ ਨੂੰ ਰੱਖੜੀ ਬੰਨ੍ਹੂ

# ਰੱਬ ਦੇ ਨਾਨਕੇ

-ਜਸਵੀਰ ਕੌਰ ਪੱਖੋ

ਮਿੰਨੀ ਕਹਾਣੀ

ਮੈਂ ਅਕਸਰ ਬਾਪੂ ਜੀ ਦਾ ਇਕੱਲਾਪਣ ਦੂਰ ਕਰਨ ਲਈ ਉਨ੍ਹਾਂ ਕੋਲ ਬੈਠ ਜਾਇਆ ਕਰਦਾ ਸੀ ਤੇ ਉਨ੍ਹਾਂ ਤੋਂ ਉਨ੍ਹਾਂ ਦੇ ਸਮੇਂ ਦੀਆਂ ਗੱਲਾਂ ਸੁਣਿਆ ਕਰਦਾ ਸੀ। ਉਹ ਅਕਸਰ ਆਪਣੇ ਬਚਪਨ ਦੀਆਂ ਗੱਲਾਂ ਤੇ ਆਪਣੇ ਨਾਨਕੇ ਪਿੰਡ ਦੀਆਂ ਗੱਲਾਂ ਸੁਣਾਉਂਦੇ ਤਾਂ ਉਨ੍ਹਾਂ ਦੇ ਚਿਹਰੇ ਦੀ ਖੁਸ਼ੀ ਮੈਨੂੰ ਅੱਜ ਵੀ ਯਾਦ ਹੈ। ਉਨ੍ਹਾਂ ਦੇ ਬਚਪਨ ਦੀ ਇੱਕ ਯਾਦ ਮੈਨੂੰ ਬਹੁਤ ਪਸੰਦ ਸੀ ਤੇ ਉਹ ਉਨ੍ਹਾਂ ਦੇ ਮੂੰਹੋਂ ਮੈਂ ਪਤਾ ਨਹੀਂ ਕਿੰਨੀ ਕੁ ਵਾਰ ਸੁਣ ਚੁੱਕੀ ਸੀ, ਫਿਰ ਵੀ ਉਸ ਦਾ ਰਸ ਨਹੀਂ ਸੀ ਖਤਮ ਹੋਇਆ। ਉਹ ਦਸਦੇ ਸਨ ਕਿ ਇੱਕ ਵਾਰ ਉਹ ਆਪਣੇ ਨਾਨਕੇ ਪਿੰਡ ਗਏ ਸਨ ਤੇ ਬਾਕੀ ਸਾਰੀਆਂ ਮਾਸੀਆਂ ਦੇ ਜਵਾਕ ਵੀ ਆਏ ਸਨ। ਮਾਮੇ ਮਾਸੀਆਂ ਦੇ ਜਵਾਕ ਮਿਲਾ ਕੇ ਉਹ ਘੱਟੋ-ਘੱਟ ਵੀਹ ਜਵਾਕ ਹੋ ਗਏ ਸੀ। ਘਰ ਤਾਂ ਜਿਵੇਂ ਕੰਨ ਪਈ ਆਵਾਜ਼ ਨਾ ਸੁਣਾਈ ਦਿੰਦੀ ਹੋਵੇ। ਦੁਪਹਿਰ ਦਾ ਵੇਲਾ ਸੀ, ਮੀਂਹ ਵਾਲਾ ਮੌਸਮ ਹੋਇਆ ਪਿਆ ਸੀ। ਸਾਰੇਂ ਜਣੇ ਬੱਸ ਮੀਂਹ ਦੀ ਉਡੀਕ ਕਰ ਰਹੇ ਸੀ ਕਿ ਕਦੋਂ ਪਹਿਲੀ ਕਣੀ ਡਿੱਗੇ ਅਤੇ ਅਸੀਂ ਨਾਨੀ ਦੇ ਦੁਆਲੇ ਗੁਲਗੁਲੇ ਪਕਾਉਣ ਲਈ ਹੋਈਏ। ਜਿਵੇਂ ਰੱਬ ਨੇ ਸਾਡੀ ਸੁਣ ਲਈ ਤੇ ਤ੍ਰਪਕ ਤ੍ਰਪਕ ਕਣੀਆਂ ਡਿੱਗਣ ਲੱਗੀਆਂ। ਅਸੀਂ ਮਸਤਿਆਂ ਹੋਇਆਂ ਨੇ ਉਚੀ ਉਚੀ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ, ''ਨਾਨੀ ਗੁਲਗੁਲੇ ਪਕਾ ਦੇ...।''

ਪਹਿਲਾਂ ਨਾਨੀ ਨੇ ਮਨ੍ਹਾ ਕੀਤਾ, ਪਰ ਫਿਰ ਸਾਡੇ ਰੌਲੇ ਤੋਂ ਅੱਕ ਕੇ ਕਿਹਾ, ''ਚੰਗਾ ਚੁੱਪ ਕਰੋ, ਬਣ ਦਿੰਦੀ ਹਾਂ।''

ਨਾਨੀ ਨੇ ਕੜਾਹੀ ਵਿੱਚ ਪਹਿਲਾ ਪੂਰ ਪਾਇਆ ਸੀ ਕਿ ਅਸੀਂ ਥਾਲੀ ਲੈ ਕੇ ਸਰਹਾਣੇ ਖੜ ਗਏ। ਥਾਲੀ ਵਿੱਚ ਦਸ ਗੁਲਗੁਲੇ ਆਏ ਤੇ ਅਸੀਂ ਖਾਣ ਵਾਲੇ ਵੀਹ। ਬੱਸ ਪੁੱਛੋ ਨਾ ਗਾਹ ਹੀ ਪਵੇ। ਕੋਈ ਦੋ ਲੈ ਗਿਆ ਤੇ ਕਿਸੇ ਕੋਲ ਕੁਝ ਵੀ ਨਾ ਆਇਆ। ਇਸ ਤੋਂ ਬਾਅਦ ਨਾਨੀ ਪਕਾਈ ਗਈ ਤੇ ਅਸੀਂ ਖਾਈ ਗਏ। ਮਸਤੇ ਹੋਏ ਅਸੀਂ ਭੁੱਖ ਤੋਂ ਵੱਧ ਹੀ ਖਾ ਰਹੇ ਸਾਂ। ਉਡੀਕ ਕਰ ਰਹੇ ਸੀ ਕਿ ਅਸੀਂ ਕਦੋਂ ਰੁਕਾਂਗੇ ਤਾਂ ਕਿ ਘਰ ਦੇ ਬਾਕੀ ਜੀਅ ਖਾ ਸਕਣ। ਅਸੀਂ ਸਾਰਿਆਂ ਨੇ ਗੁਲਗੁਲਿਆਂ ਦੀ ਨ੍ਹੇਰੀ ਲਿਆ ਦਿੱਤੀ ਤੇ ਉਤੋਂ ਜਿਹੜਾ ਘੜਮੱਸ ਪਾ ਰਹੇ ਸੀ, ਉਹ ਅੱਡ। ਮਾਮਾ ਸਾਨੂੰ ਕਈ ਵਾਰ ਘੂਰ ਕੇ ਗਿਆ, ਪਰ ਅਸੀਂ ਕਿੱਥੋਂ ਕਿਸੇ ਨੂੰ ਗੌਲਦੇ ਸੀ। ਕੋਈ ਇੱਕ ਗੱਲ ਸੁਣਾਉਂਦਾ ਤੇ ਸਾਰੇ ਹਾਸਾ ਚੱਕ ਦਿੰਦੇ। ਇੰਨੇ ਨੂੰ ਸਾਰਿਆਂ ਤੋਂ ਛੋਟਾ ਬੋਲਿਆ, ''ਬਾਈ ਓਏ, ਬਾਈ ਰੱਬ ਦੇ ਨਾਨਕੇ ਕਿੱਥੇ ਹੋਣਗੇ।''

ਮੇਰੇ ਮਾਮੇ ਨੇ ਚੱਕੀ ਚੱਪਲ ਤੇ ਸਾਡੇ ਵੱਲ ਵਗਾਹ ਕੇ ਮਾਰੀ, ''ਖੜਜੋ ਥੋਨੂੰ ਮੈਂ ਦਸਦਾਂ ਕਿੱਥੇ ਨੇ ਰੱਬ ਦੇ ਨਾਨਕੇ।'' ਅਸੀਂ ਸਾਰੇ ਉਚੀ ਉਚੀ ਹੱਸਣ ਲੱਗੇ ਤੇ ਉਥੋਂ ਮਿੰਟਾਂ ਸਕਿੰਟਾਂ ਵਿੱਚ ਖਿੰਡ ਗਏ। ਇੰਨੀ ਗੱਲ ਸੁਣਾ ਕੇ ਬਾਪੂ ਜੀ ਤੇ ਮੈਂ ਉੱਚੀ-ਉੱਚੀ ਹੱਸਦੇ ਲੱਗਦੇ। ਬਾਪੂ ਜੀ ਅੱਗੇ ਕਹਿਣ ਲੱਗੇ ਕਿ ਭਾਈ ਉਹ ਵੇਲੇ ਦੇਖ ਲੈ ਤੇ ਅੱਜ ਦੇ। ਅੱਜਕੱਲ੍ਹ ਕਿਸੇ ਦੇ ਇੱਕ-ਦੁੱਕਾ ਬੱਚੇ ਨੇ ਤੇ ਜੇ ਹੈ ਵੀ ਤਾਂ ਕਿਸੇ ਨੂੰ ਕਿਸੇ ਨਾਲ ਪਿਆਰ ਨਹੀਂ। ਨਾ ਹੀ ਕਿਸੇ ਨੂੰ ਨਾਨਕਿਆਂ ਦਾ ਚਾਅ। ਉਦੋਂ ਖਾਂਦੇ ਪੀਂਦੇ ਮਸਤੀਆਂ ਕਰਦੇ ਸੀ। ਕੋਈ ਫਿਕਰ ਫਾਕਾ ਨਹੀਂ ਸੀ। ਨ ਕੋਈ ਬਿਮਾਰੀ ਨਾਂਅ ਦੀ ਸ਼ੈਅ ਸੀ। ਅੱਜ ਪਰਵਾਰ ਵੀ ਛੋਟੇ ਨੇ ਅਤੇ ਹੈ ਵੀ ਪੜ੍ਹੇ-ਲਿਖੇ, ਪਰ ਹਰ ਕਿਸੇ ਦੇ ਮੱਥੇ ਉੱਤੇ ਤਿਊੜੀਆਂ ਪੱਕੀਆਂ ਨੇ। ਬਿਮਾਰੀਆਂ ਖੁਦ ਸਹੇੜੀਆਂ ਹੋਈਆਂ ਨੇ। ਖੁਰਾਕਾਂ ਬਦਲ ਗਈਆਂ। ਨਾ ਉਹ ਸਰੀਰ ਰਹੇ ਨੇ ਤਾਂ ਨਾ ਉਹ ਖੁਸ਼ੀਆਂ। ਦਾਦਾ ਜੀ ਦੀਆਂ ਸੱਚੀਆਂ ਗੱਲਾਂ ਨੇ ਮੈਨੂੰ ਵੀ ਸੋਚੀਂ ਪਾ ਦਿੱਤਾ। ਕਾਸ਼! ਉਹ ਬੀਤੇ ਵੇਲੇ ਮੁੜ ਆਉਣ।

# ਖੀਰੇ ਨਾਲ ਬਣੇ ਫੇਸਪੈਕ ਦੀ ਵਰਤੋਂ ਨਾਲ ਚਿਹਰਾ ਖੂਬਸੂਰਤ ਦਿਸੇਗਾ



ਖੀਰੇ ਦੀ ਵਰਤੋਂ ਫੇਸਪੈਕ ਬਣਾਉਣ ਲਈ ਕੀਤੀ ਜਾਂਦੀ ਹੈ। ਖੀਰੇ ਵਿੱਚ ਪੌਸ਼ਟਿਕ ਤੱਤ, ਵਿਟਾਮਿਨ ਅਤੇ ਖਣਿਜ ਹੁੰਦੇ ਹਨ। ਖੀਰਾ ਚਮੜੀ ਨੂੰ ਕਈ ਤਰੀਕਿਆਂ ਨਾਲ ਲਾਭ ਪਹੁੰਚਾ ਸਕਦਾ ਹੈ। ਚਿਹਰੇ ਉੱਤੇ ਖੀਰਾ ਲਗਾਉਣ ਨਾਲ ਸੋਜ, ਮੁਹਾਸੇ ਦੂਰ ਹੋ ਜਾਂਦੇ ਹਨ। ਖੀਰੇ ਵਿੱਚ 96 ਫੀਸਦੀ ਪਾਣੀ ਹੁੰਦਾ ਹੈ, ਜੋ ਚਮੜੀ ਨੂੰ ਨਮੀ ਦੇਣ ਵਿੱਚ ਮਦਦ ਕਰਦਾ ਹੈ। ਜੇ ਤੁਸੀਂ ਥੋੜ੍ਹੇ ਸਮੇਂ ਵਿੱਚ ਆਪਣੀ ਚਮੜੀ ਉੱਤੇ ਨਿਖਾਰ ਲਿਆਉਣਾ ਚਾਹੁੰਦੇ ਹੋ ਤਾਂ ਨਿਸ਼ਚਿਤ ਤੌਰ ਉੱਤੇ ਇਸ ਫੇਸ ਮਾਸਕ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਵਿਧੀ ਲਈ ਅੱਧਾ ਖੀਰਾ ਲੈ ਕੇ ਚੰਗੀ ਤਰ੍ਹਾਂ ਛਿੱਲ ਲਓ। ਇਸ ਨੂੰ ਬਲੈਂਡ ਕਰ ਕੇ ਇਸ ਵਿੱਚੋਂ ਰਸ ਕੱਢ ਲਓ। ਇਸ ਨੂੰ ਚਿਹਰੇ ਉੱਤੇ ਲਾਉਣ ਤੋਂ ਪਹਿਲਾਂ ਚਿਹਰੇ ਨੂੰ ਚੰਗੀ ਤਰ੍ਹਾਂ ਪਾਣੀ ਨਾਲ ਸਾਫ ਕਰੋ। ਇਸ ਨੂੰ 15 ਮਿੰਟ ਲਈ ਚਿਹਰੇ ਉੱਤੇ ਲਾਓ। ਇਸ ਤੋਂ ਬਾਅਦ ਚਿਹਰੇ ਨੂੰ ਠੰਢੇ ਜਾਂ ਕੋਸੇ ਪਾਣੀ ਨਾਲ ਧੋ ਲਵੋ।

ਖੁਸ਼ਕ ਚਮੜੀ ਲਈ ਖੀਰੇ ਦਾ ਫੇਸ ਪੈਕ ਬਹੁਤ ਫਾਇਦੇਮੰਦ ਹੁੰਦਾ ਹੈ। ਖੀਰੇ ਦੇ ਨਾਲ-ਨਾਲ ਐਲੋਵੇਰਾ ਵੀ ਚਮੜੀ ਨੂੰ ਹਾਈਡਰੇਟ ਕਰਦਾ ਹੈ। ਖੀਰੇ ਦੇ ਰਸ ਵਿੱਚ ਦੋ ਚਮਚ ਐਲੋਵੇਰਾ ਜੈਲ ਮਿਲਾਓ ਅਤੇ ਇਸ ਦਾ ਮਿਸ਼ਰਣ ਤਿਆਰ ਕਰ ਲਓ। ਇਹ ਫੇਸ ਮਾਸਕ ਲਗਾ ਕੇ ਚਿਹਰੇ ਦੀ ਹਲਕੀ ਹਲਕੀ ਮਾਲਿਸ਼ ਕਰੋ। ਮਾਲਿਸ਼ ਕਰਨ ਤੋਂ ਬਾਅਦ ਇਸ ਨੂੰ 15 ਮਿੰਟ ਲਈ ਚਿਹਰੇ ਉੱਤੇ ਰਹਿਣ ਦਿਓ। ਇਸ ਤੋਂ ਬਾਅਦ ਚਿਹਰੇ ਨੂੰ ਠੰਢੇ ਪਾਣੀ ਨਾਲ ਧੋ ਲਓ।

ਖੀਰੇ ਅਤੇ ਓਟਮੀਲ ਦਾ ਫੇਸ ਪੈਕ ਮੁਹਾਸਿਆ ਵਾਲੀ ਥਾਂ ਲਈ ਬਹੁਤ ਵਧੀਆ ਹੁੰਦਾ ਹੈ। ਖੀਰੇ ਵਿੱਚ ਐਸਟ੍ਰਿੰਜੈਂਟ ਗੁਣ ਹੁੰਦੇ ਹਨ, ਜਦੋਂ ਓਟਮੀਲ ਚਮੜੀ ਤੋਂ ਮਰੇ ਸੈਲਾਂ ਨੂੰ ਹਟਾ ਕੇ ਉਸ ਨੂੰ ਐਕਸਫਲੋਈਏਟ ਕਰਨ ਵਿੱਚ ਮਦਦ ਕਰਦਾ ਹੈ। ਸ਼ਹਿਦ ਚਮੜੀ ਵਿਚਲੇ ਬੈਕਟੀਰੀਆ ਨੂੰ ਸੰਤੁਲਿਤ ਕਰਨ ਦਾ ਕੰਮ ਕਰ ਸਕਦਾ ਹੈ। ਇਸ ਵਿਧੀ ਲਈ ਅੱਧਾ ਖੀਰਾ ਲਓ ਤੇ ਇਸ ਦਾ ਰਸ ਕੱਢ ਲਓ। ਇਸ ਵਿੱਚ ਇੱਕ ਚਮਚ ਓਟਮੀਲ ਮਿਲਾਓ ਅਤੇ ਇਸ ਦਾ ਮਿਸ਼ਰਣ ਤਿਆਰ ਕਰ ਲਓ। ਇਸ ਵਿੱਚ ਇੱਕ ਚਮਚ ਸ਼ਹਿਦ ਮਿਲਾਓ ਅਤੇ ਇਸ ਦਾ ਪੇਸਟ ਬਣਾਓ। ਇਸ ਪੇਸਟ ਨੂੰ ਚਿਹਰੇ ਤੇ ਗਰਦਨ ਉੱਤੇ ਲਗਾਓ ਅਤੇ ਉਂਗਲਾਂ ਨਾਲ ਮਾਲਿਸ਼ ਕਰੋ। ਇਸ ਤੋਂ ਬਾਅਦ ਇਸ ਨੂੰ 15 ਮਿੰਟ ਲਈ ਚਿਹਰੇ ਉੱਤੇ ਲਾਓ ਅਤੇ ਬਾਅਦ ਵਿੱਚ ਮੂੰਹ ਨੂੰ ਕੋਸੇ ਪਾਣੀ ਨਾਲ ਧੋ ਲਓ।

# ਕੌਲੀ ਚੱਟ

ਸਾਡੇ ਦੇਸ਼ ਵਰਗਾ ਕੋਈ ਦੇਸ਼ ਨਹੀਂ ਹੋਣਾ ਸੀ ਹੋਰ ਬੇਲੀ
ਜੇਕਰ ਸਾਡੇ ਲੀਡਰ ਪੈਸੇ ਦੇ ਭੁੱਖੇ ਨੀਤੀ ਦੇ ਬੀਮਾਰ ਨਾ ਹੁੰਦੇ

ਕਿਸਨੇ ਵੈਰੀ ਸਾਹਮਣੇ ਬਾਰਡਰਾਂ ਤੇ ਹਿੱਕ ਠੋਕ ਕੇ ਖੜਨਾ ਸੀ
ਜੇ ਪੰਜਾਬ ਦੇ ਅਣਖੀ ਪੁੱਤ ਬਾਰਡਰਾਂ ਤੇ ਸਿੰਘ ਸਰਦਾਰ ਨਾ ਹੁੰਦੇ

ਦਿੱਲੀ ਬਣ ਗਈ ਏ ਭਿੱਜੀ ਬਿੱਲੀ ਅੰਦਰੋਂ ਅੰਦਰੀ ਫਿਰਦੀ ਹਿੱਲੀ
ਕਿੰਜ ਦੁਨੀਆਂ ਚ ਐਨੀ ਧੱਕ ਪੈਂਦੀ ਜੇ ਪੰਜਾਬੀ ਦਿਲਦਾਰ ਨਾ ਹੁੰਦੇ

ਕਿਸੇ ਕਿਸੇ ਕੌਮ ਦੇ ਹਿੱਸੇ ਆਉਂਦਾ ਆਪਣੇ ਹੱਕਾਂ ਖਾਤਰ ਲੜਨਾ
ਇਕੱਲੇ ਹਰਿਆਣੇ ਨੂੰ ਦੱਬ ਲੈਣਾ ਸੀ ਜੇ ਪੰਜਾਬੀ ਯਾਰ ਨਾ ਹੁੰਦੇ

ਪੰਜਾਬੀ ਸ਼ੇਰ ਸੂਰਮੇ ਗਰਜਣ ਸੁਣ ਦਹਾੜ ਗਿੱਦੜ ਥਰ ਥਰ ਕੰਬਣ ਦਿੱਲੀ
ਅੱਜ ਚੂੰ ਨਾ ਕਰਦੀ ਜੇ ਲੀਡਰ ਸਾਡੇ ਕੌਲੀ ਚੱਟ ਗੱਦਾਰ ਨਾ ਹੁੰਦੇ

ਪੜਿਓ ਖੋਲ ਕਿਤਾਬਾਂ ਵਿੱਚ ਇਤਿਹਾਸ ਦੇ ਗੱਲਾਂ ਹੁੰਦੀਆਂ ਸਾਡੇ ਇਤਿਹਾਸ ਦੀਆਂ
ਕਿਸ ਨੇ ਸਾਡਾ ਇਤਿਹਾਸ ਲਿਖਣਾ ਸੀ ਜੇ ਯੋਧੇ ਸਰਦਾਰ ਨਾ ਹੁੰਦੇ

ਇਤਿਹਾਸ ਚ ਕਿਸ ਨੇ ਗੜੀ ਚਮਕੌਰ ਤੇ ਸਰਹੰਦ ਨੂੰ ਚੇਤੇ ਰੱਖਣਾ ਸੀ
ਜੇ ਬਾਜਾਂ ਵਾਲੇ ਦਸਮੇਸ਼ ਪਿਤਾ ਤੋਂ ਵਾਰੀ ਵਾਰੀ ਚਾਰੇ ਪੁੱਤ ਵਾਰ ਨਾ ਹੁੰਦੇ

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਨਾ ਸੀ ਕਦੇ ਅੰਤ ਹੋਣਾ
ਰਾਜ ਭਾਗ ਵਿੱਚ ਜੇ ਡੋਗਰਿਆਂ ਵਰਗੇ ਬਲਤੇਜ ਸਿਆਂ ਗੱਦਾਰ ਨਾ ਹੁੰਦੇ

ਜੇ ਦਾਨ ਦੇ ਵਿੱਚ ਨਾ ਦਿੱਤੀ ਹੁੰਦੀ ਦਿੱਲੀ ਤੂੰ ਬਾਬਾ ਬਘੇਲ ਸਿੰਘਾਂ
ਅੱਜ ਮੋਦੀ ਵਰਗੇ ਦਿੱਲੀ ਦੇ ਤਖ਼ਤ ਤੇ ਬੈਠਣ ਦੇ ਹੱਕਦਾਰ ਨਾ ਹੁੰਦੇ

*-ਬਲਤੇਜ ਸੰਧੂ ਬੁਰਜ ਲੱਧਾ*
*ਜ਼ਿਲਾ ਬਠਿੰਡਾ*



# ਕੱਟਿਆ ਹੋਇਆ ਸਿਰ 22 ਦਿਨਾਂ ਪਿੱਛੋਂ ਫਾਰਮ ਹਾਊਸ ਵਿੱਚੋਂ ਬਰਾਮਦ

ਐਸ ਏ ਐਸ ਨਗਰ, 6 ਜੁਲਾਈ (ਪੋਸਟ ਬਿਊਰੋ)- ਬੀਤੀ 20 ਜੂਨ ਨੂੰ ਮੁੱਖ ਮੰਤਰੀ ਦੇ ਸਿਸਵਾਂ (ਮੁੱਲਾਂਪੁਰ) ਦੇ ਫਾਰਮ ਹਾਊਸ ਦੀ ਕੰਧ ਤੋਂ ਕਰੀਬ ਪੰਜ ਮੀਟਰ ਦੂਰ ਖਾਲੀ ਜਗ੍ਹਾ ਉੱਤੇ ਸੁੱਚਾ ਸਿੰਘ ਨਾਂਅ ਦੇ ਵਿਅਕਤੀ ਦੀ ਲਾਸ਼ 10 ਫੁੱਟ ਡੂੰਘੇ ਖੱਡੇ ਵਿੱਚ ਦੱਬੀ ਹੋਈ ਬਰਾਮਦ ਹੋਈ ਸੀ। ਕਾਤਲਾਂ ਨੇ ਉਸ ਦਾ ਸਿਰ ਧੜ ਤੋਂ ਵੱਖ ਕਰ ਕੇ ਮੁੱਖ ਮੰਤਰੀ ਦੇ ਮਹਿੰਦਰਾ ਗਾਰਡਨ ਫਾਰਮ ਹਾਊਸ ਕੋਲ ਖੱਡੇ ਵਿੱਚ ਦਬਾਅ ਦਿੱਤਾ ਸੀ। ਵਾਰਦਾਤ ਤੋਂ 22 ਦਿਨਾਂ ਬਾਅਦ ਐਤਵਾਰ ਦੇਰ ਰਾਤ ਸੁੱਚਾ ਸਿੰਘ ਦਾ ਕੱਟਿਆ ਹੋਇਆ ਸਿਰ ਜਗੀਰ ਸਿੰਘ ਜੌਲਾ (65) ਦੇ ਫਾਰਮ ਹਾਊਸ ਤੋਂ ਮਿਲਿਆ ਹੈ। ਗਰਦਨ ਮਿੱਟੀ ਵਿੱਚ ਦਬਾਏ ਜਾਣ ਕਾਰਨ ਕਾਫੀ ਗਲ਼ ਗਈ ਸੀ, ਕੀੜੇ ਮਕੌੜੇ ਚੱਲ ਰਹੇ ਸਨ ਅਤੇ ਬਦਬੂ ਆ ਰਹੀ ਸੀ। ਕਾਤਲ ਨੇ ਸੁੱਚਾ ਸਿੰਘ ਦਾ ਕੱਟਿਆ ਹੋਇਆ ਸਿਰ ਜੌਲਾ ਦੇ ਫਾਰਮ ਉੱਤੇ ਲੱਗੇ ਦਰੱਖਤ ਦੇ ਹੇਠਾਂ ਦਬਾ ਦਿੱਤਾ ਸੀ।

ਡੀ ਐਸ ਪੀ ਵਿਕਰਮ ਬਰਾੜ ਨੇ ਦੱਸਿਆ ਕਿ ਮ੍ਰਿਤਕ ਦਾ ਕੱਟਿਆ ਹੋਇਆ ਸਿਰ ਲੱਭਣ ਲਈ ਪੁਲਸ ਦੀਆਂ ਛੇ ਟੀਮਾਂ ਕੰਮ ਕਰ ਰਹੀਆਂ ਸਨ। ਐਤਵਾਰ ਸ਼ਾਮ ਮੁੱਖ ਮੰਤਰੀ ਦੇ ਫਾਰਮ ਹਾਊਸ ਨਾਲ ਪਡੌਲ ਪਿੰਡ ਦੇ ਜਗੀਰ ਸਿੰਘ ਜੌਲੇ ਦੇ ਫਾਰਮ ਹਾਊਸ ਉੱਤੇ ਜੇ ਸੀ ਬੀ ਮਸ਼ੀਨ ਲਾ ਕੇ ਪੁਟਾਈ ਕੀਤੀ ਜਾ ਰਹੀ ਸੀ ਤਾਂ ਮ੍ਰਿਤਕ ਦਾ ਕੱਟਿਆ ਹੋਇਆ ਸਿਰ ਮਿੱਟੀ ਚੁੱਕਣ ਵੇਲੇ ਬਾਹਰ ਆ ਗਿਆ। ਬਦਬੂ ਆਉਣ ਕਾਰਨ ਕੰਮ ਰੋਕ ਦਿੱਤਾ ਗਿਆ। ਮੌਕੇ ਉੱਤੇ ਡੀ ਐਸ ਪੀ ਬਰਾੜ ਟੀਮ ਲੈ ਕੇ ਪੁੱਜੇ ਅਤੇ ਪਿੰਡ ਵਾਲਿਆਂ ਨੂੰ ਮੌਕੇ ਉੱਤੇ ਸੱਦ ਲਿਆ ਅਤੇ ਕੱਟੇ ਹੋਏ ਸਿਰ ਦੀ ਸ਼ਨਾਖਤ ਕਰਵਾਈ। ਬਰਾਮਦ ਕੀਤਾ ਸਿਰ ਹਸਪਤਾਲ ਦੀ ਮੋਰਚਰੀ ਵਿੱਚ ਰੱਖਿਆ ਗਿਆ ਹੈ। ਇਸ ਕੇਸ ਵਿੱਚ ਪੁਲਸ ਤਿੰਨ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ ਅਤੇ ਨਾਮਜ਼ਦ ਚੌਥਾ ਮੁਲਜ਼ਮ ਕਿਨੌਰ ਦਾ ਰਹਿਣ ਵਾਲਾ ਨੇਪਾਲੀ ਦੱਸਿਆ ਜਾ ਰਿਹਾ ਹੈ, ਜੋ ਫਰਾਰ ਹੈ। ਪੁਲਸ ਨੇ ਉਸ ਦਾ ਸਕੈਚ ਜਾਰੀ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਪਿੰਡ ਛੋਟੀ-ਵੱਡੀ ਨੰਗਲ (ਮੁੱਲਾਂਪੁਰ) ਦਾ ਵਾਸੀ ਸੁੱਚਾ ਸਿੰਘ 12 ਜੂਨ ਤੋਂ ਲਾਪਤਾ ਸੀ ਤੇ ਪਰਵਾਰ ਨੇ 14 ਜੂਨ ਨੂੰ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਥਾਣਾ ਮੁੱਲਾਂਪੁਰ ਗਰੀਬਦਾਸ ਵਿੱਚ ਦਰਜ ਕਰਵਾਈ ਸੀ। 20 ਜੂਨ ਨੂੰ ਬਿਨਾਂ ਗਰਦਨ ਤੋਂ ਕੱਟਿਆ ਹੋਇਆ ਧੜ ਮਿਲਿਆ ਸੀ।

# ਕੋਟਕਪੂਰਾ ਕਾਂਡ: ਸੰਤ ਢੱਡਰੀਆਂ ਵਾਲੇ ਨੇ ਐੱਸ ਆਈ ਟੀ ਕੋਲ ਬਿਆਨ ਦਰਜ ਕਰਵਾਏ

ਪਟਿਆਲਾ, 6 ਜੁਲਾਈ (ਪੋਸਟ ਬਿਊਰੋ)- ਸਾਲ 2015 ਵਿੱਚ ਵਾਪਰੀਆ ਬੇਅਦਬੀ ਦੀਆਂ ਘਟਨਾਵਾਂ ਦੇ ਬਾਅਦ ਰੋਸ ਕਰਦੀ ਸੰਗਤ ਉੱਤੇ ਪੁਲਸ ਫਾਇਰਿੰਗ ਦੀ ਜਾਂਚ ਲਈ ਪੰਜਾਬ ਸਰਕਾਰ ਵੱਲੋਂ ਬਣਾਈ ਨਵੀਂ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਬਿਆਨ ਕਲਮਬੱਧ ਕੀਤੇ ਹਨ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਪਟਿਆਲਾ ਦੇ ਸਰਕਿਟ ਹਾਊਸ ਵਿੱਚ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਤੋਂ ਮੁੱਖ ਰੂਪ ਵਿੱਚ 14 ਅਕਤੂਬਰ 2015 ਨੂੰ ਕੋਟਕਪੂਰਾ ਵਿੱਚ ਧਰਨਾ ਦੇਂਦੀ ਸਿੱਖ ਸੰਗਤਾਂ ਉੱਤੇ ਪੁਲਸ ਵੱਲੋਂ ਲਾਠੀਚਾਰਜ ਕਰਨ, ਗੋਲੀ ਚਲਾਉਣ ਅਤੇ ਪਾਣੀ ਦੀਆਂ ਬੁਛਾੜਾਂ ਮਾਰਨ ਦੀਆਂ ਘਟਨਾਵਾਂ ਬਾਰੇ ਸਵਾਲ ਪੁੱਛੇ ਗਏ। ਇਸ ਘਟਨਾ ਵੇਲੇ ਸੰਤ ਢੱਡਰੀਆਂ ਵਾਲੇ ਉਥੇ ਮੌਜੂਦ ਸਨ। ਐਡੀਸ਼ਨਲ ਡੀ ਜੀ ਪੀ, ਐਲ ਕੇ ਯਾਦਵ ਦੀ ਅਗਵਾਈ ਹੇਠ ਜਾਂਚ ਟੀਮ ਕੱਲ੍ਹ ਇੱਥੇ ਸਰਕਟ ਹਾਊਸ ਵਿਖੇ ਪੁੱਜੀ ਅਤੇ ਢੱਡਰੀਆਂ ਵਾਲੇ ਤੋਂ ਸਵੇਰੇ ਸਾਢੇ 11 ਵਜੇ ਪੁੱਛਗਿੱਛ ਸ਼ੁਰੂ ਹੋਈ ਅਤੇ ਉਹ ਸਵਾ ਤਿੰਨ ਵਜੇ ਸਰਕਟ ਹਾਊਸ ਵਿੱਚੋਂ ਨਿਕਲੇ। ਐੱਸ ਆਈ ਟੀ ਨੇ ਪੁੱਛਗਿੱਛ ਬਾਰੇ ਕੋਈ ਗੱਲ ਨਹੀਂਦੱਸੀ, ਪਰ ਢੱਡਰੀਆਂ ਵਾਲੇ ਸੰਤਾਂ ਨੇ ਆਸ ਪ੍ਰਗਟਾਈ ਕਿ ਨਵੀਂ ਐੱਸ ਆਈ ਟੀ ਕਿਸੇ ਨਤੀਜੇ ਉੱਤੇ ਜ਼ਰੂਰ ਪਹੁੰਚੇਗੀ।



ਮੀਡੀਆ ਨਾਲ ਗੱਲਬਾਤ ਕਰਦਿਆਂ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਕਿਹਾ: ‘‘ਅੱਜ ਚੌਥੀ ਵਾਰ ਬਿਆਨ ਦਰਜ ਕਰਵਾਏ ਹਨ ਅਤੇ ਜੇ ਫੇਰ ਬੁਲਾਇਆ ਗਿਆ ਤਾਂ ਫਿਰ ਪੇਸ਼ ਹੋਣ ਲਈ ਤਿਆਰ ਹਨ। ਜੇ ਪ੍ਰਤੱਖਦਰਸ਼ੀ ਇਹ ਕੇਸ ਜਾਂਚ ਟੀਮ ਦੇ ਧਿਆਨ ਵਿੱਚ ਨਹੀਂ ਲਿਆਉਣਗੇ ਤਾਂ ਜਾਂਚ ਕਿਵੇਂ ਸਿਰੇ ਲੱਗੇਗੀ।'' ਉਸ ਸਾਲ ਬੇਅਦਬੀ ਹੋਣ ਦੀਆਂ ਘਟਨਾਵਾਂ ਲਈ ਉਨ੍ਹਾਂ ਨੇ ਉਸ ਵਕਤ ਦੀ ਬਾਦਲ ਸਰਕਾਰ ਉੱਤੇ ਉਂਗਲ ਚੁੱਕੀ ਤੇ ਕਿਹਾ ਕਿ ਇਹ ਮੰਦਭਾਗੀਆਂ ਘਟਨਾਵਾਂ ਆਪਣੇ ਆਪ ਨੂੰ ਪੰਥਕ ਅਖਵਾਉਣ ਵਾਲੀ ਸਰਕਾਰ ਸਮੇਂ ਵਾਪਰੀਆਂ ਸਨ। ਸੰਤ ਢੱਡਰੀਆਂ ਵਾਲਿਆਂ ਨੇ ਕਿਹਾ ਕਿ ਸੰਗਤਾਂ ਉੱਤੇ ਕਹਿਰ ਢਾਹੁਣ ਦੀਆਂ ਸਰਕਾਰ ਦੀ ਸਹਿਮਤੀ ਤੋਂ ਬਿਨਾਂ ਵਾਪਰ ਜਾਣਾ ਅਸੰਭਵ ਹੈ।

ਇਸ ਦੌਰਾਨ ਦਮਦਮੀ ਟਕਸਾਲ ਨਾਲ ਟਕਰਾਅ ਬਾਰੇ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਕਿਹਾ ਕਿ ਦੋ ਧਿਰਾਂ ਵਿਚਾਲੇ ਮਤਭੇਦ ਹੋ ਸਕਦੇ ਹਨ, ਪਰ ਇਸ ਦਾ ਮਤਲਬ ਇਹ ਨਹੀਂ ਕਿ ਛਬੀਲ ਦੇ ਬਹਾਨੇ ਰੋਕ ਕੇ ਕਤਲ ਕਰ ਦਿੱਤਾ ਜਾਵੇ। ਦਮਦਮੀ ਟਕਸਾਲ ਨਾਲ ਆਪਸੀ ਸਮਝੌਤੇ ਬਾਰੇ ਪੁੱਛਣ ਉੱਤੇ ਉਨ੍ਹਾਂ ਕਿਹਾ ਕਿ ਕਿਸੇ ਦੀ ਜਾਨ ਲੈਣਾ ਘੋਰ ਅਪਰਾਧ ਤੇ ਪਾਪ ਹੈ, ਪਰ ਜੇ ਉਹ ਇਸ ਹਮਲੇ ਸਬੰਧੀ ਗਲਤੀ ਮੰਨ ਲੈਂਦੇ ਹਨ ਤਾਂ ਸਮਝੌਤਾ ਹੀ ਸਮਝੌਤਾ ਹੈ।

# ਨਵਾਂ ਸ਼ਹਿਰ ਵਿੱਚ ਐਨ ਆਰ ਆਈ ਦੇ ਘਰੋਂ ਹੈਂਡ ਗ੍ਰਨੇਡ ਮਿਲਿਆ

ਨਵਾਂ ਸ਼ਹਿਰ, 6 ਜੁਲਾਈ (ਪੋਸਟ ਬਿਊਰੋ)- ਪਿੰਡ ਮੀਰਪੁਰ ਲੱਖਾ ਦੇ ਐਨ ਆਰ ਆਈ ਗੁਰਦੇਵ ਸਿੰਘ ਦੇ ਘਰੋਂ 36 ਏ ਕਿਸਮ ਦਾ ਹੈਂਡ ਗ੍ਰਨੇਡ ਮਿਲਣ ਉੱਤੇ ਇਲਾਕੇ ਵਿੱਚ ਸਨਸਨੀ ਫੈਲ ਗਈ ਹੈ।

ਐਨ ਆਰ ਆਈ ਗੁਰਦੇਵ ਸਿੰਘ ਪਰਵਾਰ ਸਣੇ ਲੰਮੇ ਸਮੇਂ ਤੋਂ ਵਿਦੇਸ਼ ਵਿੱਚ ਰਹਿੰਦੇ ਹਨ, ਪਿੰਡ ਵਿੱਚ ਉਨ੍ਹਾਂ ਦੇ ਘਰ ਦੀ ਦੇਖਭਾਲ ਕਰ ਰਹੀ ਇੱਕ ਮਹਿਲਾ ਜਦੋਂ ਘਰ ਵਿੱਚ ਸਫ਼ਾਈ ਕਰ ਰਹੀ ਸੀ ਤਾਂ ਉਸ ਨੂੰ ਘਰ ਬੰਬ-ਨੁਮਾ ਚੀਜ਼ ਦਿਸੀ, ਜੋ ਪੁਰਾਣੀ ਅਤੇ ਮਿੱਟੀ ਨਾਲ ਲਿਬੜੀ ਹੋਈ ਸੀ। ਮਹਿਲਾ ਨੇ ਇਹ ਜਾਣਕਾਰੀ ਪਿੰਡ ਦੇ ਸਰਪੰਚ ਹਰਪ੍ਰੀਤ ਸਿੰਘ ਨੂੰ ਦਿੱਤੀ ਤਾਂ ਉਨ੍ਹਾਂ ਨੇ ਥਾਣਾ ਔੜ ਦੇ ਐਸ ਐਚ ਓ ਰਘਬੀਰ ਸਿੰਘ ਨੂੰ ਦੱਸਿਆ। ਮੌਕੇ ਉੱਤੇ ਪੁੱਜੇ ਐਸ ਐਚ ਓ ਨੇ ਇਸ ਬੰਬ-ਨੁਮਾ ਚੀਜ਼ ਨੂੰ ਕਬਜ਼ੇ ਵਿੱਚ ਲੈ ਕੇ ਉਚ ਅਧਿਕਾਰੀਆਂ ਦੇ ਨਿਰਦੇਸ਼ਾਂ ਅਨੁਸਾਰ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਹ ਬੰਬ-ਨੁਮਾ ਚੀਜ਼ 36 ਏ ਹੈਂਡ ਗ੍ਰਨੇਡ ਹੈ, ਜੋ ਚਲਣੋ ਬਚ ਗਿਆ ਸੀ ਤੇ ਇਸ ਨਾਲ ਕੋਈ ਜਾਨੀ ਜਾਂ ਮਾਲੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ। ਇਸ ਮੌਕੇ ਥਾਣਾ ਔੜ ਦੀ ਪੁਲਸ ਵੱਲੋਂ 36 ਏ ਹੈਂਡ ਗ੍ਰਨੇਡ ਨੂੰ ਮੱਲਪੁਰ ਦੇ ਪੁਰਾਣੇ ਬੰਦ ਪਏ ਭੱਠੇ ਕੋਲ ਜਾ ਕੇ ਬੰਬ ਡਿਫ਼ੂਜ਼ ਕਰਨ ਵਾਲੀ ਟੀਮ ਨਾਲ ਮਿਲ ਕੇ ਇਸ ਨੂੰ ਖ਼ਤਮ ਕੀਤਾ ਹੈ।



# ਐਕਟਿਵਾ ਸਵਾਰ ਪਿਉ-ਪੁੱਤ ਨੂੰ ਟਰੈਕਟਰ-ਟਰਾਲੀ ਦੀ ਟੱਕਰ, 16 ਸਾਲਾ ਪੁੱਤਰ ਦੀ ਮੌਤ

ਜਲੰਧਰ, 6 ਜੁਲਾਈ (ਪੋਸਟ ਬਿਊਰੋ)- ਟਰਾਂਸਪੋਰਟ ਨਗਰ ਚੌਕ ਵਿੱਚ ਤੇਜ਼ ਰਫ਼ਤਾਰ ਟਰੈਕਟਰ-ਟਰਾਲੀ ਕਾਰਨ ਇੱਕ ਪਿਉ ਦੇ ਸਾਹਮਣੇ ਉਸ ਦੇ ਇਕਲੌਤੇ ਪੁੱਤ ਦੀ ਮੌਤ ਹੋ ਗਈ। ਇਹ ਹਾਦਸਾ ਓਦੋਂ ਹੋਇਆ, ਜਦੋਂ ਪਿਉ-ਪੁੱਤ ਐਕਟਿਵਾ ਉੱਤੇ ਸਵਾਰ ਹੋ ਕੇ ਆਪਣੇ ਘਰ ਜਾ ਰਹੇ ਸਨ। ਹਾਦਸੇ ਪਿੱਛੋਂ ਟਰੈਕਟਰ-ਟਰਾਲੀ ਡਰਾਈਵਰ ਮੌਕੇ ਤੋਂ ਫ਼ਰਾਰ ਹੋ ਗਿਆ। ਮ੍ਰਿਤਕ ਦੀ ਪਛਾਣ ਸੈਮਸਨ (16) ਪੁੱਤਰ ਨਰੇਸ਼ ਕੁਮਾਰ ਵਾਸੀ ਆਦਮਪੁਰ ਵਜੋਂ ਹੋਈ ਹੈ।



ਥਾਣਾ ਨੰਬਰ ਅੱਠ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਨਰੇਸ਼ ਕੁਮਾਰ ਨੇ ਦੱਸਿਆ ਕਿ ਛੁੱਟੀ ਪਿੱਛੋਂ ਉਹ ਆਪਣੇ ਪੁੱਤਰ ਸੈਮਸਨ ਨਾਲ ਘਰ ਜਾ ਰਿਹਾ ਸੀ। ਨਰੇਸ਼ ਐਕਟਿਵਾ ਚਲਾ ਰਿਹਾ ਸੀ ਅਤੇ ਉਸ ਦਾ ਪੁੱਤਰ ਪਿੱਛੇ ਬੈਠਾ ਸੀ। ਜਦੋਂ ਐਕਟਿਵਾ ਟਰਾਂਸਪੋਰਟ ਨਗਰ ਚੌਕ ਕੋਲ ਪਹੁੰਚੀ ਤਾਂ ਪਿੱਛੋਂ ਆਏ ਤੇਜ਼ ਰਫ਼ਤਾਰ ਟਰੈਕਟਰ-ਟਰਾਲੀ ਨੇ ਐਕਟਿਵਾ ਨੂੰ ਟੱਕਰ ਮਾਰ ਦਿੱਤੀ, ਜਿਸ ਨਾਲ ਦੋਵੇਂ ਪਿਉ-ਪੁੱਤ ਸੜਕ ਵਿਚਕਾਰ ਡਿੱਗ ਗਏ ਅਤੇ ਟਰਾਲੀ ਦਾ ਟਾਇਰ ਸੈਮਸਨ ਦੇ ਸਿਰ ਉੱਤੇ ਚੜ੍ਹ ਗਿਆ, ਜਿਸ ਨਾਲ ਉਸ ਦੀ ਮੌਕੇ ਉੱਤੇ ਮੌਤ ਹੋ ਗਈ। ਮੌਕੇ ਉੱਤੇ ਪਹੁੰਚੀ ਥਾਣਾ ਨੰਬਰ ਅੱਠ ਦੀ ਪੁਲਸ ਨੇ ਅਣਪਛਾਤੇ ਟਰੈਕਟਰ-ਟਰਾਲੀ ਡਰਾਈਵਰ ਖ਼ਿਲਾਫ਼ ਕੇਸ ਦਰਜ ਕਰ ਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਲਿਵ-ਇਨ ਰਿਲੇਸ਼ਨ ਵਾਲੇ ਲੋਕ ਸੁਰੱਖਿਆ ਹੁਕਮ ਨੂੰ ਢਾਲ ਨਹੀਂ ਬਣਾ ਸਕਦੇ: ਹਾਈ ਕੋਰਟ

ਚੰਡੀਗੜ੍ਹ, 6 ਜੁਲਾਈ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਲਿਵ-ਇਨ ਰਿਲੇਸ਼ਨ ਵਿੱਚ ਰਹਿੰਦੇ ਇੱਕ ਜੋੜੇ ਦੀ ਸੁਰੱਖਿਆ ਬਾਰੇ ਵਿਚਾਰ ਕਰਨ ਦੀ ਹਦਾਇਤ ਕਰਦਿਆਂ ਸਾਫ ਕੀਤਾ ਹੈ ਕਿ ਉਹ ਸੁਰੱਖਿਆ ਦੇ ਹੁਕਮ ਨੂੰ ਲਿਵ-ਇਨ ਰਿਲੇਸ਼ਨ ਨਾਲ ਜੁੜੇ ਹੋਰ ਮੁੱਦਿਆਂ ਵਿੱਚ ਢਾਲ ਨਹੀਂ ਬਣਾ ਸਕਦੇ। ਅਸਲ ਵਿੱਚ ਇੱਕ ਮਹਿਲਾ, ਜਿਹੜੀ ਆਪਣੇ ਪਤੀ ਤੋਂ ਵੱਖ ਹੋ ਕੇ ਹੋਰ ਮਰਦ ਨਾਲ ਲਿਵ-ਇਨ-ਰਿਲੇਸ਼ਨ ਵਿੱਚ ਰਹਿ ਰਹੀ ਹੈ, ਨੇ ਆਪਣੀ ਅਤੇ ਨਾਲ ਰਹਿੰਦੇ ਵਿਅਕਤੀ ਦੀ ਸੁਰੱਖਿਆ ਦੀ ਮੰਗ ਲਈ ਅਰਜ਼ੀ ਦਿੱਤੀ ਸੀ, ਜਿਸ ਉੱਤੇ ਹਾਈ ਕੋਰਟ ਨੇ ਫ਼ਾਜ਼ਿਲਕਾ ਦੇ ਐਸ ਐਸ ਪੀ ਨੂੰ ਇਨ੍ਹਾਂ ਦੀ ਮੰਗ ਉਤੇ ਵਿਚਾਰ ਕਰਕੇ ਢੁਕਵਾਂ ਫ਼ੈਸਲਾ ਲੈਣ ਲਈ ਕਿਹਾ ਹੈ। ਹਾਈ ਕੋਰਟ ਨੇ ਇਹ ਵੀ ਸਾਫ ਕਰ ਦਿੱਤਾ ਹੈ ਕਿ ਜੇ ਦੋਵਾਂ ਦੇ ਇਸ ਰਿਸ਼ਤੇ ਵਿਰੁੱਧ ਕੋਈ ਕਰਵਾਈ ਚੱਲ ਰਹੀ ਹੈ ਤਾਂ ਉਹ ਜਾਰੀ ਰਹੇਗੀ ਤੇ ਇਸ ਕਾਰਵਾਈ ਵਿੱਚ ਉਨ੍ਹਾਂ ਦੀ ਸੁਰੱਖਿਆ ਦੀ ਹਦਾਇਤ ਨੂੰ ਢਾਲ ਨਹੀਂ ਬਣਾਇਆ ਜਾ ਸਕੇਗਾ।

ਪਟੀਸ਼ਨਰ ਮਹਿਲਾ ਨੇ ਹਾਈ ਕੋਰਟ ਨੂੰ ਦੱਸਿਆ ਕਿ ਉਹ ਵਿਆਹੀ ਹੋਈ ਹੈ ਅਤੇ ਆਪਣੀ ਮਰਜ਼ੀ ਨਾਲ ਪਤੀ ਨੂੰ ਛੱਡ ਕੇ ਆਪਣੇ ਪ੍ਰੇਮੀ ਨਾਲ ਲਿਵ-ਇਨ-ਰਿਲੇਸ਼ਨ ਵਿੱਚ ਰਹਿ ਰਹੀ ਹੈ। ਉਸ ਨੇ ਆਪਣੇ ਪਤੀ, ਸੱਸ ਤੇ ਹੋਰ ਰਿਸ਼ਤੇਦਾਰਾਂ ਤੋਂ ਜਾਨ ਦਾ ਖ਼ਤਰਾ ਦੱਸ ਕੇ ਹਾਈ ਕੋਰਟ ਤੋਂ ਸੁਰੱਖਿਆ ਮੰਗੀ ਸੀ। ਦੋਵਾਂ ਪਟੀਸ਼ਨਰਾਂ ਨੇ ਦੱਸਿਆ ਕਿ ਉਨ੍ਹਾਂ ਨੇ ਪਹਿਲਾਂ ਐਸ ਐਸ ਪੀ ਫ਼ਾਜ਼ਿਲਕਾ ਨੂੰ ਮੰਗ ਪੱਤਰ ਦੇ ਕੇ ਸੁਰੱਖਿਆ ਮੰਗੀ ਸੀ, ਪਰ ਕੋਈ ਕਾਰਵਾਈ ਨਾ ਹੋਣ ਕਾਰਨ ਹਾਈ ਕੋਰਟ ਆਉਣਾ ਪਿਆ। ਹਾਈ ਕੋਰਟ ਨੇ ਨਿਬੇੜਾ ਕਰਦੇ ਹੋਏ ਕਿਹਾ ਕਿ ਸੰਵਿਧਾਨ ਹਰ ਕਿਸੇ ਨੂੰ ਸੁਰੱਖਿਆ ਦਾ ਅਧਿਕਾਰ ਦਿੰਦਾ ਹੈ ਤੇ ਅਜਿਹੇ ਵਿੱਚ ਹਾਈ ਕੋਰਟ ਪਟੀਸ਼ਨਰਾਂ ਦੇ ਲਿਵ-ਇਨ-ਰਿਲੇਸ਼ਨ ਦੇ ਰਿਸ਼ਤੇ ਦੀ ਮਾਨਤਾ ਉੱਤੇ ਵਿਚਾਰ ਕੀਤੇ ਬਿਨਾਂ ਦੋਵਾਂ ਦੇ ਸੁਰੱਖਿਆ ਦੇ ਅਧਿਕਾਰ ਹੇਠ ਇਹ ਆਦੇਸ਼ ਦੇ ਰਹੀ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਪ੍ਰੇਮੀ ਵੱਲੋਂ ਵਿਆਹ ਤੋਂ ਮੁੱਕਰਨ ਉੱਤੇ ਲੜਕੀ ਵੱਲੋਂ ਖ਼ੁਦਕੁਸ਼ੀ

ਭਗਤਾ ਭਾਈਕਾ, 6 ਜੁਲਾਈ (ਪੋਸਟ ਬਿਊਰੋ)- ਇੱਥੋਂ ਨੇੜਲੇ ਪਿੰਡ ਕੋਇਰ ਸਿੰਘ ਵਾਲਾ ਦੀ ਇੱਕ ਲੜਕੀ ਨੇ ਪ੍ਰੇਮੀ ਵੱਲੋਂ ਵਿਆਹ ਤੋਂ ਮੁੱਕਰਨ ਅਤੇ ਉਸ ਦੇ ਮਾਤਾ-ਪਿਤਾ ਅਤੇ ਰਿਸ਼ਤੇਦਾਰਾਂ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਲਈ ਹੈ। ਪੁਲਸ ਨੇ ਦੋਸ਼ੀ ਪ੍ਰੇਮੀ ਲੜਕੇ ਅਤੇ ਉਸ ਦੇ ਮਾਤਾ-ਪਿਤਾ, ਭੈਣ ਭਣਵੱਈਏ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।



ਗੋਲੂ ਸਿੰਘ ਵਾਸੀ ਕੋਇਰ ਸਿੰਘ ਵਾਲਾ ਨੇ ਦੱਸਿਆ ਕਿ ਮ੍ਰਿਤਕ ਲੜਕੀ ਹਰਮਨਪ੍ਰੀਤ ਕੌਰ (28/29 ਸਾਲ) ਦੇ ਮਾਤਾ-ਪਿਤਾ ਅਤੇ ਭਰਾ ਕੈਨੇਡਾ ਰਹਿੰਦੇ ਹਨ। ਹਰਮਨਪ੍ਰੀਤ ਕੌਰ ਨਾਲ ਉਸ ਦੇ ਘਰ ਉਸ ਦੀ ਭੂਆ ਅਤੇ ਮਾਮੇ ਦਾ ਲੜਕਾ ਰਹਿੰਦਾ ਸੀ। ਉਨ੍ਹਾਂ ਦੱਸਿਆ ਕਿ ਹਰਮਨਪ੍ਰੀਤ ਕੌਰ ਦੇ ਪਿਛਲੇ ਕੁਝ ਸਮੇਂ ਤੋਂ ਪਿੰਡ ਆਕਲੀਆ ਜਲਾਲ ਦੇ ਇੱਕ ਨੌਜਵਾਨ ਨਾਲ ਪ੍ਰੇਮ ਸਬੰਧ ਸਨ ਤੇ ਦੋਵੇਂ ਵਿਆਹ ਕਰਾਉਣਾ ਚਾਹੁੰਦੇ ਸਨ। ਇਸ ਬਾਰੇ ਲੜਕੀ ਦੇ ਮਾਤਾ-ਪਿਤਾ ਤੇ ਰਿਸ਼ਤੇਦਾਰਾਂ ਨੂੰ ਪਤਾ ਸੀ, ਜੋ ਵਿਆਹ ਕਰਨ ਲਈ ਰਾਜ਼ੀ ਸਨ। ਗੋਲੂ ਸਿੰਘ ਨੇ ਦੱਸਿਆ ਕਿ ਪਿਛਲੀ ਦਿਨੀਂ ਹਰਮਨਪ੍ਰੀਤ ਕੌਰ ਨੇ ਉਸ ਨੂੰ ਦੱਸਿਆ ਕਿ ਲੜਕਾ ਉਸ ਨਾਲ ਵਿਆਹ ਤੋਂ ਟਾਲ-ਮਟੋਲ ਕਰ ਰਿਹਾ ਹੈ ਤੇ ਉਸ ਦੇ ਪਰਵਾਰਕ ਮੈਂਬਰ ਉਸ ਨੂੰ ਝੂਠੇ ਕੇਸ ਵਿੱਚ ਫਸਾਉਣ ਦੀਆਂ ਧਮਕੀਆਂ ਦੇ ਰਹੇ ਹਨ। ਗੋਲੂ ਸਿੰਘ ਨੇ ਦੱਸਿਆ ਕਿ ਦੋਸ਼ੀ ਲੜਕੇ ਨੇ ਹਰਮਨਪ੍ਰੀਤ ਨੂੰ ਜ਼ਹਿਰੀਲੀਆਂ ਗੋਲੀਆਂ ਖ਼ੁਦ ਲਿਆ ਕੇ ਦਿੱਤੀਆਂ ਅਤੇ ਮਰਨ ਲਈ ਮਜ਼ਬੂਰ ਕੀਤਾ ਹੈ। ਉਸ ਨੇ ਦੱਸਿਆ ਕਿ ਲੜਕੀ ਨੇ ਜ਼ਹਿਰੀਲੀਆਂ ਗੋਲੀਆਂ ਖਾ ਲਈਆਂ ਅਤੇ ਬਠਿੰਡਾ ਦੇ ਹਸਪਤਾਲ ਵਿੱਚ ਉਸ ਦੀ ਮੌਤ ਹੋ ਗਈ। ਪੀੜਤ ਲੜਕੀ ਦੇ ਕਮਰੇ ਵਿੱਚੋਂ ਆਪਣੀ ਮੌਤ ਦੇ ਕਾਰਨਾਂ ਅਤੇ ਜ਼ਿੰਮੇਵਾਰ ਵਿਅਕਤੀਆਂ ਬਾਰੇ ਖੁਦਕੁਸ਼ੀ ਨੋਟ ਮਿਲਿਆ ਹੈ, ਜਿਸ ਨੂੰ ਪੁਲਸ ਨੇ ਆਪਣੇ ਰਿਕਾਰਡ ਵਿੱਚ ਲੈ ਲਿਆ ਹੈ। ਇਸ ਘਟਨਾ ਬਾਰੇ ਪੁਲਸ ਨੇ ਦੋਸ਼ੀ ਗੋਬਿੰਦ ਸਿੰਘ ਵਾਸੀ ਆਕਲੀਆ (ਬਠਿੰਡਾ), ਉਸ ਦੇ ਮਾਤਾ-ਪਿਤਾ ਅਤੇ ਪਿੰਡ ਗੁੰਮਟੀ ਨਾਲ ਸਬੰਧਤ ਭੈਣ-ਭਣਵੱਈਏ ਉਥੇ ਕੇਸ ਦਰਜ ਕਰ ਲਿਆ ਹੈ।

# ਸ਼ਾਰਟ ਸਰਕਟ ਨਾਲ ਗੁਰੂ ਗ੍ਰੰਥ ਸਾਹਿਬ ਤੇ 12 ਗੁਟਕਾ ਸਾਹਿਬ ਅਗਨ ਭੇਂਟ

ਮਾਛੀਵਾੜ੍ਹਾ, 6 ਜੁਲਾਈ (ਪੋਸਟ ਬਿਊਰੋ)- ਪਿੰਡ ਮਾਣੇਵਾਲ ਵਿੱਚ ਕੱਲ੍ਹ ਸਵੇਰੇ ਗੁਰਦੁਆਰਾ ਸਾਹਿਬ ਨੇੜੇ ਡੇਰਾ ਬਾਬਾ ਲਾਲ ਸਿੰਘ ਬੇਦੀ ਵਿੱਚ ਸ਼ਾਰਟ ਸਰਕਟ ਦੇ ਕਾਰਨ ਨਾਲ ਅੱਗ ਲੱਗ ਗਈ, ਜਿਸ ਨਾਲ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਅਤੇ 12 ਗੁਟਕਾ ਸਾਹਿਬ ਅਗਨ ਭੇਂਟ ਹੋ ਗਏ ਦੱਸੇ ਜਾਂਦੇ ਹਨ।

ਸਵੇਰੇ ਡੇਰਾ ਬਾਬਾ ਲਾਲ ਸਿੰਘ ਬੇਦੀ ਵਿੱਚ ਰੋਜ਼ ਵਾਂਗ ਜਦੋਂ ਗ੍ਰੰਥੀ ਸਿੰਘ ਨਿਤਨੇਮ ਕਰਨ ਪਿੱਛੋਂ ਘਰ ਚਲੇ ਗਏ ਤਾਂ ਅਚਾਨਕ ਸ਼ਾਰਟ ਸਰਕਟ ਨਾਲ ਅੱਗ ਲੱਗ ਗਈ। ਇਸ ਦਾ ਪਤਾ ਉਦੋਂ ਲੱਗਾ ਜਦੋਂ ਡੇਰੇ ਦੀਆਂ ਖ਼ਿੜਕੀਆਂ ਤੋਂ ਧੂੰਆਂ ਬਾਹਰ ਆਇਆ। ਪਿੰਡ ਦੇ ਲੋਕਾਂ ਨੇ ਪਿਛਲਾ ਦਰਵਾਜ਼ਾ ਤੋੜ ਕੇ ਬੜੀ ਮੁਸ਼ਕਲ ਨਾਲ ਅੱਗ ਉੱਤੇ ਕਾਬੂ ਪਾਇਆ ਪਰ ਉਦੋਂ ਤਕ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਸਰੂਪ ਅਗਨ ਭੇਂਟ ਹੋ ਚੁੱਕਾ ਸੀ ਤੇ ਇਸ ਨਾਲ ਨੌਂ ਸੁਖਮਨੀ ਸਾਹਿਬ ਅਤੇ ਤਿੰਨ ਨਿਤਨੇਮ ਵਾਲੇ ਗੁਟਕਾ ਵੀ ਸੜ ਗਏ। ਨਗਰ ਵਾਸੀਆਂ ਨੇ ਗੁਰਦੁਆਰਾ ਸਾਹਿਬ ਵਿੱਚ ਅਰਦਾਸ ਕਰ ਕੇ ਅਗਨ ਭੇਂਟ ਹੋਏ ਸਰੂਪ ਅਤੇ ਗੁਟਕਾ ਸਾਹਿਬ ਅਤੇ ਹੋਰ ਵਸਤਾਂ ਨੂੰ ਗੋਇੰਦਵਾਲ ਸਾਹਿਬ ਵਿੱਚ ਸੰਸਕਾਰ ਲਈ ਭੇਜ ਦਿੱਤਾ ਹੈ।

ਵਰਕਰ ਦੀ ਲੋੜ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

ਸੰਪਰਕ: 416-816-1695

# ਅਦਾਲਤ ਨੇ ਕੇ ਐੱਲ ਐਫ ਵਾਲੇ ਅੱਠ ਮੁਲਜ਼ਮਾਂ ਨੂੰ ਚਾਰਜਸ਼ੀਟ ਦੀਆਂ ਕਾਪੀਆਂ ਦਿਤੀਆਂ

ਐਸ ਏ ਐਸ ਨਗਰ, 6 ਜੁਲਾਈ (ਪੋਸਟ ਬਿਊਰੋ)- ਭਿੱਖੀਵਿੰਡ ਵਿਖੇ 16 ਅਕਤੂਬਰ 2020 ਨੂੰ ਹਥਿਆਰਬੰਦ ਵਿਅਕਤੀਆਂ ਵੱਲੋਂ ਕਤਲ ਕੀਤੇ ਸ਼ੌਰੀਆ ਚੱਕਰ ਜੇਤੂ ਕਾਮਰੇਡ ਬਲਵਿੰਦਰ ਸਿੰਘ ਸੰਧੂ ਦੇ ਕੇਸ ਵਿੱਚ ਐਨ ਆਈ ਏ ਦੇ ਵਿਸ਼ੇਸ਼ ਜੱਜ ਕਰੁਨੇਸ਼ ਕੁਮਾਰ ਦੀ ਅਦਾਲਤ ਵੱਲੋਂ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਸਬੰਧਤ ਅੱਠ ਮੁਲਜ਼ਮਾਂ ਸੁਖਰਾਜ ਸਿੰਘ ਸੁੱਖਾ ਉਰਫ਼ ਲਖਨਪਾਲ ਵਾਸੀ ਗੁਰਦਾਸਪੁਰ, ਰਵਿੰਦਰ ਸਿੰਘ ਉਰਫ਼ ਰਵੀ ਢਿੱਲੋਂ ਵਾਸੀ ਹੁਸੈਨਪੁਰ (ਲੁਧਿਆਣਾ), ਅਕਾਸ਼ਦੀਪ ਅਰੋੜਾ ਉਰਫ਼ ਧਾਲੀਵਾਲ ਵਾਸੀ ਜਨਕਪੁਰੀ, ਜਗਰੂਪ ਸਿੰਘ ਵਾਸੀ ਸੁਭਾਸ਼ ਨਗਰ (ਲੁਧਿਆਣਾ), ਸੁਖਦੀਪ ਸਿੰਘ ਬੂਰਾ ਉਰਫ਼ ਭੂਰਾ ਵਾਸੀ ਗੁਰਦਾਸਪੁਰ, ਇੰਦਰਜੀਤ ਸਿੰਘ ਉਰਫ਼ ਇੰਦਰ ਵਾਸੀ ਪਿੰਡ ਰੈਸ਼ੀਆਣਾ (ਤਰਨ ਤਾਰਨ), ਗੁਰਜੀਤ ਸਿੰਘ ਉਰਫ਼ ਭਾਅ ਵਾਸੀ ਗੁਰਦਾਸਪੁਰ ਅਤੇ ਸੁਖਮੀਤਪਾਲ ਸਿੰਘ ਉਰਫ਼ ਸੁੱਖ ਭਿਖਾਰੀਵਾਲ ਵਾਸੀ ਭਿੱਖੀਵਿੰਡ (ਗੁਰਦਾਸਪੁਰ) ਨੂੰ ਉਨ੍ਹਾਂ ਖ਼ਿਲਾਫ਼ ਦਾਖ਼ਲ ਚਾਰਜਸ਼ੀਟ ਦੀਆਂ ਕਾਪੀਆਂ ਦੇ ਦਿੱਤੀਆਂ ਗਈਆਂ ਹਨ। ਅਦਾਲਤ ਨੇ ਇਸ ਕੇਸ ਦੇ ਦੋਸ਼ੀਆਂ ਖ਼ਿਲਾਫ਼ ਦੋਸ਼ ਤੈਅ ਕਰਨ ਤੋਂ ਪਹਿਲਾਂ ਦੋਵਾਂ ਧਿਰਾਂ ਨੂੰ ਬਹਿਸ ਲਈ 19 ਜੁਲਾਈ ਦੀ ਤਰੀਕ ਦਿੱਤੀ ਹੈ। ਐਨ ਆਈ ਏ ਨੇ 27 ਅਪ੍ਰੈਲ 2021 ਵਿੱਚ ਉਕਤ ਅੱਠਾਂ ਮੁਲਜ਼ਮਾਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਸੀ।

ਐਨ ਆਈ ਏ ਮੁਤਾਬਕ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖੀ ਲਖਵੀਰ ਸਿੰਘ ਰੋਡੇ ਤੇ ਇਸ ਜਥੇਬੰਦੀ ਦੇ ਹੋਰ ਆਗੂਆਂ ਨੇ ਇਸ ਕੇਸ ਵਿੱਚ ਨਾਮਜ਼ਦ ਮੁਲਜ਼ਮਾਂ ਨੂੰ ਹਥਿਆਰ, ਗੋਲਾ ਬਾਰੂਦ ਅਤੇ ਫ਼ੰਡ ਦਿੱਤੇ ਸਨ। ਕੇ ਐਲ ਐਫ ਵੱਲੋਂ ਗੈਂਗਸਟਰ ਸੁਖਮੀਤਪਾਲ ਸਿੰਘ ਸੁੱਖ ਭਿਖਾਰੀਵਾਲ ਅਤੇ ਉਸ ਦੇ ਸਾਥੀਆਂ ਨੂੰ ਪੰਜਾਬ ਵਿੱਚ ਹੋਈਆਂ ਇਨ੍ਹਾਂ ਵਾਰਦਾਤਾਂ ਦਾ ਕੰਮ ਸੌਂਪਿਆ ਗਿਆ ਸੀ, ਜਦਕਿ ਹਰਮੀਤ ਸਿੰਘ ਹੈਪੀ ਪੀ ਐਚ ਡੀ ਦੀ ਪਾਕਿਸਤਾਨ ਵਿੱਚ ਹੋਈ ਹੱਤਿਆ ਤੋਂ ਬਾਅਦ ਭਿਖਾਰੀਵਾਲ ਉਕਤ ਮਾਮਲਿਆਂ ਬਾਰੇ ਲਖਵੀਰ ਸਿੰਘ ਰੋਡੇ ਤੇ ਹੋਰਨਾਂ ਨੂੰ ਉਕਤ ਘਟਨਾਵਾਂ ਬਾਰੇ ਜਾਣੂ ਕਰਾਉਂਦਾ ਰਿਹਾ ਸੀ। ਕਾਮਰੇਡ ਬਲਵਿੰਦਰ ਸਿੰਘ ਸੰਧੂ ਦੀ ਹੱਤਿਆ ਲਈ ਇੰਦਰਜੀਤ ਸਿੰਘ ਸਮੇਤ ਦੋ ਸ਼ਾਰਪ-ਸ਼ੂਟਰ ਗੁਰਜੀਤ ਸਿੰਘ ਭਾਅ ਅਤੇ ਸੁਖਦੀਪ ਸਿੰਘ ਭੂਰਾ ਨੂੰ ਚੁਣਿਆ ਗਿਆ ਸੀ। ਐਨ ਆਈ ਏ ਮੁਤਾਬਕ ਕੇ ਐਲ ਐਫ ਦੇ ਮੁਖੀ ਲਖਵੀਰ ਸਿੰਘ ਰੋਡੇ ਅਤੇ ਜਥੇਬੰਦੀ ਦੇ ਹੋਰਨਾਂ ਆਗੂਆਂ ਜੋ ਵਿਦੇਸ਼ਾਂ ਵਿੱਚ ਹਨ, ਖ਼ਿਲਾਫ਼ ਜਾਂਚ ਚੱਲ ਰਹੀ ਹੈ।

# ਮਹਾਰਾਸ਼ਟਰ ਵਿਧਾਨ ਸਭਾ ਵਿੱਚੋਂ ਭਾਜਪਾ ਦੇ 12 ਵਿਧਾਇਕ ਇੱਕ ਸਾਲ ਲਈ ਸਸਪੈਂਡ

## * ਪ੍ਰੀਜ਼ਾਈਡਿੰਗ ਅਫਸਰ ਨਾਲ ਦੁਰ-ਵਿਹਾਰ ਦਾ ਦੋਸ਼



ਮੁੰਬਈ, 6 ਜੁਲਾਈ (ਪੋਸਟ ਬਿਊਰੋ)- ਮਹਾਰਾਸ਼ਟਰ ਵਿਧਾਨ ਸਭਾ ਦੇ ਸਪੀਕਰ ਦੇ ਚੈਂਬਰ ਵਿੱਚ ਪ੍ਰੀਜ਼ਾਈਡਿੰਗ ਅਫਸਰ ਭਾਸਕਰ ਜਾਧਵ ਨਾਲ ਦੁਰ-ਵਿਹਾਰ ਕਰਨ ਦੇ ਦੋਸ਼ਾਂ ਹੇਠ ਭਾਜਪਾ ਦੇ 12 ਵਿਧਾਇਕਾਂ ਨੂੰ ਵਿਧਾਨ ਸਭਾ ਵਿੱਚੋਂ ਇੱਕ ਸਾਲ ਲਈ ਸਸਪੈਂਡ ਕਰ ਦਿੱਤਾ ਗਿਆ ਹੈ। ਵਿਰੋਧੀ ਧਿਰ ਦੇ ਆਗੂ ਅਤੇ ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਦੋਸ਼ਾਂ ਨੂੰ ਝੂਠ ਦੱਸਦਿਆਂ ਕਿਹਾ ਕਿ ਜਾਧਵ ਵੱਲੋਂ ਦਿੱਤਾ ਘਟਨਾ ਦਾ ਵੇਰਵਾ ਇਕਪਾਸੜ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼ਿਵ ਸੈਨਾ ਦੇ ਵਿਧਾਇਕਾਂ ਨੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਸਨ ਅਤੇ ਉਹ ਖੁਦ ਭਾਜਪਾ ਵਿਧਾਇਕਾਂ ਨੂੰ ਸਪੀਕਰ ਦੇ ਚੈਂਬਰਤੋਂ ਬਾਹਰ ਲਿਆਏ ਸਨ ਅਤੇ ਦੋਸ਼ ਸਾਬਤ ਹੋਣ ਤਾਂ ਉਹ ਕੋਈ ਵੀ ਸਜ਼ਾ ਭੁਗਤਣ ਲਈ ਤਿਆਰ ਹਨ।

ਕੱਲ੍ਹ ਵਿਧਾਨ ਸਭਾ ਵਿੱਚ ਇਸ ਰਾਜ ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਅਨਿਲ ਪਰਬ ਨੇ ਭਾਜਪਾ ਵਿਧਾਇਕਾਂ ਨੂੰ ਸਸਪੈਂਡ ਕਰਨ ਦਾ ਮਤਾ ਪੇਸ਼ ਕੀਤਾ,ਜਿਹੜਾ ਜ਼ੁਬਾਨੀ ਵੋਟਾਂ ਨਾਲ ਪਾਸ ਹੋ ਗਿਆ। ਸਸਪੈਂਡ ਕੀਤੇਗਏ ਵਿਧਾਇਕਾਂ ਵਿੱਚ ਸੰਜੇ ਕੁਟੇ, ਆਸ਼ੀਸ਼ ਸ਼ੇਲਾਰ, ਅਭਿਮੰਨਿਊ ਪਵਾਰ, ਗਿਰੀਸ਼ ਮਹਾਜਨ, ਅਤੁਲ ਭਟਖਾਲਕਰ, ਪਰਾਗ ਅਲਾਵਨੀ, ਹਰੀਸ਼ ਪਿੰਪਲੇ, ਯੋਗੇਸ਼ ਸਾਗਰ, ਜਯ ਕੁਮਾਰ ਰਾਵਤ, ਨਾਰਾਇਣ ਕੁਚੇ, ਰਾਮ ਸਤਪੁਤੇ ਤੇ ਬੰਟੀ ਭਾਂਗੜੀਆ ਸ਼ਾਮਲ ਹਨ। ਪਰਬ ਨੇ ਕਿਹਾ ਕਿ ਸਸਪੈਂਡ ਕੀਤੇ ਗਏ 12 ਵਿਧਾਇਕਾਂ ਨੂੰ ਇੱਕ ਸਾਲ ਤਕ ਮੁੰਬਈ ਅਤੇ ਨਾਗਪੁਰ ਵਿੱਚ ਵਿਧਾਨ ਮੰਡਲ ਕੰਪਲੈਕਸ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੋਵੇਗੀ। ਇਸ ਫੈਸਲੇ ਉੱਤੇ ਇਤਰਾਜ਼ ਕਰਦਿਆਂ ਦੇਵੇਂਦਰ ਫੜਨਵੀਸ ਦੀ ਅਗਵਾਈ ਹੇਠ ਭਾਜਪਾ ਮੈਂਬਰਾਂ ਨੇ ਕਿਹਾ ਕਿ ਵਿਰੋਧੀ ਧਿਰ ਸਦਨ ਦੀ ਕਾਰਵਾਈ ਦਾ ਬਾਈਕਾਟ ਕਰੇਗੀ। ਫੜਨਵੀਸ ਨੇ ਕਿਹਾ ਕਿ ਇਹ ਝੂਠਾ ਦੋਸ਼ ਹੈ ਅਤੇ ਵਿਰੋਧੀ ਮੈਂਬਰਾਂ ਦੀ ਗਿਣਤੀ ਘੱਟ ਕਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸ਼ੇਲਾਰ ਦੇ ਮੁਆਫੀ ਮੰਗਣ ਉੱਤੇਮੁੱਦਾ ਖਤਮ ਹੋ ਗਿਆ ਸੀ।

ਮਹਾਰਾਸ਼ਟਰ ਵਿਧਾਨ ਸਭਾ ਵਿੱਚੋਂ ਸਸਪੈਂਡ ਕੀਤੇ 12 ਭਾਜਪਾਵਿਧਾਇਕਾਂ ਨੇ ਗਵਰਨਰ ਭਗਤ ਸਿੰਘ ਕੋਸ਼ਿਆਰੀ ਨੂੰ ਮਿਲ ਕੇ ਇਸ ਬਾਰੇ ਉਨ੍ਹਾਂ ਦੇ ਦਖਲ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਮਹਾ ਵਿਕਾਸ ਅਗਾੜੀ ਸਰਕਾਰ ਦੀ ਸ਼ਿਕਾਇਤ ਕਰਦਿਆਂ ਕਿਹਾ ਕਿ ਉਹ ਜਮਹੂਰੀਅਤ ਦਾ ਘਾਣ ਕਰ ਰਹੀ ਹੈ। ਭਾਜਪਾ ਦੇ ਚੀਫ ਵ੍ਹਿਪ ਆਸ਼ੀਸ਼ ਸ਼ੇਲਾਰ ਨੇ ਮੰਗ ਪੱਤਰ ਦੇਣ ਦੇ ਵਕਤ ਪ੍ਰੀਜ਼ਾਈਡਿੰਗ ਅਫਸਰ ਨਾਲ ਦੁਰ-ਵਿਹਾਰ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼ਿਵ ਸੈਨਾ, ਐਨ ਸੀ ਪੀ ਅਤੇ ਕਾਂਗਰਸ ਦੇ ਵਿਧਾਇਕਾਂ ਨੇ ਦੁਰਵਿਹਾਰ ਕੀਤਾ ਅਤੇ ਸਾਰੇ ਦੋਸ਼ ਭਾਜਪਾ ਮੈਂਬਰਾਂ ਉੱਤੇ ਮੜ੍ਹ ਦਿੱਤੇ।

## ਕੇਂਦਰ ਤੋਂ ਓ ਬੀ ਸੀ ਅੰਕੜੇ ਲੈਣ ਲਈ ਮਹਾਰਾਸ਼ਟਰ ਅਸੈਂਬਲੀ ਵਿੱਚ ਮਤਾ ਪਾਸ

ਮੁੰਬਈ, 6 ਜੁਲਾਈ (ਪੋਸਟ ਬਿਊਰੋ)- ਮਹਾਰਾਸ਼ਟਰ ਵਿਧਾਨ ਸਭਾ ਨੇ ਕੱਲ੍ਹ ਇੱਕ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਉਹ 2011 ਦੀ ਮਰਦਮਸ਼ੁਮਾਰੀ ਦੇ ਅੰਕੜੇ ਦੇਵੇ, ਜਿਸ ਨਾਲ ਪ੍ਰਦੇਸ਼ ਬੈਕਵਰਡ ਕਲਾਸ (ਓ ਬੀ ਸੀ)ਕਮਿਸ਼ਨ ਇਨ੍ਹਾਂ ਸ਼੍ਰੇਣੀਆਂ ਦੇ ਲੋਕਾਂ ਦੀ ਆਬਾਦੀ ਦਾ ਅੰਕੜਾ ਤਿਆਰ ਕਰ ਸਕੇ, ਜਿਸ ਦਾ ਮੰਤਵਲੋਕਲ ਬਾਡੀਜ਼ ਵਿੱਚ ਇਸ ਵਰਗ ਲਈ ਸਿਆਸੀ ਰਾਖਵਾਂਕਰਨ ਬਹਾਲ ਕਰਨ ਦੀ ਕੋਸ਼ਿਸ਼ ਕਰਨਾ ਹੈ। ਨੈਸ਼ਨਲਿਸਟ ਕਾਂਗਰਸ ਪਾਰਟੀ (ਐਨ ਸੀ ਪੀ) ਦੇ ਆਗੂ ਅਤੇ ਸੂਬੇ ਦੇ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਛਗਨ ਭੁਜਬਲ ਵੱਲੋਂ ਪੇਸ਼ ਮਤੇ ਨੂੰ ਵਿਰੋਧੀ ਧਿਰ ਭਾਜਪਾ ਦੇ ਹੰਗਾਮੇ ਦੌਰਾਨ ਜ਼ੁਬਾਨੀ ਵੋਟਾਂ ਨਾਲ ਪਾਸ ਕਰ ਦਿੱਤਾ ਗਿਆ। ਇਸ ਮੁੱਦੇ ਉੱਤੇ ਸਦਨ ਦੀ ਕਾਰਵਾਈ ਦੋ ਵਾਰ ਮੁਲਤਵੀ ਕਰਨੀ ਪਈ। ਭਾਜਪਾ ਦੇ ਵਿਧਾਇਕ ਸਦਨ ਵਿੱਚ ਸਪੀਕਰ ਦੇ ਆਸਣ ਸਾਹਮਣੇ ਪਹੁੰਚ ਗਏ ਅਤੇ ਪ੍ਰਦੇਸ਼ ਸਰਕਾਰ ਦੇ ਖਿਲਾਫ ਨਾਅਰੇਬਾਜ਼ੀ ਕਰਦੇ ਰਹੇ।

ਵਿਰੋਧੀ ਧਿਰ ਦੇ ਆਗੂ ਦੇਵੇਂਦਰ ਫੜਨਵੀਸ ਨੇ ਕਿਹਾ ਕਿ ਇਹ ਮਤਾ ਸਿਆਸਤ ਤੋਂ ਪ੍ਰੇਰਿਤ ਹੈ ਅਤੇ ਇਸ ਨਾਲ ਕਿਸੇ ਉਦੇਸ਼ ਦੀ ਪੂਰਤੀ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਪੱਛੜੇ ਵਰਗਾਂ ਬਾਰੇ ਕਮਿਸ਼ਨ ਅਤੇ ਓ ਬੀ ਸੀ ਦੇ ਸਿਆਸੀ ਪੱਛੜੇਪਣ ਦਾ ਪਤਾ ਲਾਉਣ ਲਈ ਜਾਂਚ ਕਰਨ ਨੂੰ ਕਿਹਾ ਸੀ, ਪਰ ਰਾਜ ਸਰਕਾਰ ਅਦਾਲਤ ਦੇ ਹੁਕਮਾਂ ਉੱਤੇ ਕੁਝ ਨਹੀਂ ਕਰ ਰਹੀ। ਫੜਨਵੀਸ ਨੇ ਕਿਹਾ ਕਿ 2011 ਦੀ ਅੰਕੜਿਆਂ ਵਿੱਚ 'ਅੱਠ ਕਰੋੜ ਗਲਤੀਆਂ' ਸਨ, ਜਦ ਕਿ ਮਹਾਰਾਸ਼ਟਰ ਦੇ ਅੰਕੜਿਆਂ ਵਿੱਚ '60 ਲੱਖ ਗੜਬੜੀਆਂ' ਮਿਲੀਆਂ ਸਨ। ਇਸ ਲਈ ਇਹ ਅੰਕੜੇ ਨਹੀਂ ਦਿੱਤੇ ਗਏ ਸਨ। ਭੁਜਬਲ ਨੇ ਸਵਾਲ ਕੀਤਾ ਕਿ ਜੇ ਅੰਕੜਿਆਂ ਵਿੱਚ ਗਲਤੀਆਂ ਸਨ ਤਾਂ ਇਨ੍ਹਾਂ ਵਿੱਚ ਸੋਧ ਅਤੇ ਸੁਧਾਰ ਕਿਉਂ ਨਹੀਂ ਕੀਤਾ ਗਿਆ। ਤੁਸੀਂ ਛੇ ਸਾਲਾਂ ਤਕ ਇਹ ਅੰਕੜਾ ਲੈ ਕੇ ਬੈਠੇ ਰਹੇ?

# ਪਾਸਵਾਨ ਦੀ ਸਿਆਸੀ ਵਿਰਾਸਤ ਦੀ ਜੰਗ ਸੜਕਾਂ ਉਤੇ ਆਈ



ਪਟਨਾ, 6 ਜੁਲਾਈ (ਪੋਸਟ ਬਿਊਰੋ)- ਲੋਕ ਜਨਸ਼ਕਤੀ ਪਾਰਟੀ ਵਿੱਚ ਪਾਟਕ ਦੇ ਬਾਅਦ ਚੋਣ ਨਿਸ਼ਾਨ (ਬੰਗਲਾ) ਉੱਤੇ ਕਬਜ਼ੇ ਦੀ ਲੜਾਈ ਪਾਰਲੀਮੈਂਟ ਅਤੇ ਚੋਣ ਕਮਿਸ਼ਨ ਤੋਂ ਹੁੰਦੇ ਹੋਏ ਸੜਕਾਂ ਉੱਤੇ ਉਤਰ ਗਈ ਹੈ।

ਇਸ ਪਾਰਟੀ ਦੇ ਮੋਢੀ ਰਾਮਵਿਲਾਸ ਪਾਸਵਾਨ ਦੀ ਜਯੰਤੀ ਉੱਤੇ ਚਾਚਾ-ਭਤੀਜਾ (ਪਸ਼ੂਪਤੀ ਕੁਮਾਰ ਪਾਰਸ ਅਤੇ ਚਿਰਾਗ ਪਾਸਵਾਨ) ਵੱਲੋਂ ਵੱਖੋ-ਵੱਖਰੇ ਸਮਾਰੋਹ ਰਾਹੀਂ ਸਮਰਥਕਾਂ ਦੀ ਭੀੜ ਇਕੱਠੀ ਕਰਨ ਦੀ ਕਾਹਲੀ ਦੇਖੀ ਗਈ ਹੈ।ਪਾਰਸ ਨੇ ਆਪਣੇ ਨਾਲ ਦੇ ਪਾਰਲੀਮੈਂਟ ਮੈਂਬਰਾਂ, ਵਰਕਰਾਂ ਤੇ ਸਮਰਥਕਾਂ ਦੀ ਭੀੜ ਇਕੱਠੀ ਕਰ ਕੇ ਪਟਨਾ ਸਥਿਤ ਪ੍ਰਦੇਸ਼ ਦਫਤਰ ਵਿੱਚ ਰਾਮਵਿਲਾਸ ਦੀ ਜਯੰਤੀ ਮਨਾਈ ਅਤੇ ਸੰਕਲਪ ਲਿਆ ਕਿ ਵੱਡੇ ਭਰਾ ਦੇ ਖੂਨ-ਪਸੀਨੇ ਨਾਲ ਬਣਾਈ 21 ਸਾਲ ਪੁਰਾਣੀ ਪਾਰਟੀ ਦੀ ਹੋਂਦ ਬਚਾਉਣ ਦੀ ਕੋਸ਼ਿਸ਼ ਕੀਤੀ ਜਾਏਗੀ ਅਤੇ ਉਨ੍ਹਾਂ ਦੇ ਵਿਚਾਰਾਂ ਅਤੇ ਸਿਧਾਂਤਾਂ ਉੱਤੇ ਸਭ ਨੂੰ ਇਕੱਠੇ ਲੈ ਕੇ ਚੱਲਣ ਦਾ ਵਾਅਦਾ ਕੀਤਾ ਗਿਆ। ਦੂਸਰੇ ਪਾਸੇ ਚਿਰਾਗ ਨੇ ਵੱਖਰੇ ਤਰੀਕੇ ਨਾਲ ਰਾਮਵਿਲਾਸ ਪਾਸਵਾਨ ਦੀ ਵਿਰਾਸਤ ਉੱਤੇ ਹੱਕ ਜਤਾਇਆ। ਸਮਾਰੋਹ ਅਤੇ ਅਸ਼ੀਰਵਾਦ ਯਾਤਰਾ ਸ਼ੁਰੂ ਕਰਨ ਦੇ ਲਈ ਜਦ ਉਹ ਪਟਨਾ ਏਅਰਪੋਰਟ ਪਹੁੰਚੇ ਤਾਂ ਉਨ੍ਹਾਂ ਨੇ ਵੀ ਆਪਣੇ ਸਮਰਥਕਾਂ ਦੀ ਤਾਕਤ ਦਿਖਾਉਣ ਤੇ ਰੋਡ ਸ਼ੋਅ ਕਰਨ ਦੇ ਅੰਦਾਜ਼ ਵਿੱਚ ਵਾਹਨਾਂ ਦਾ ਲੰਬਾ ਕਾਫਲਾ ਕੱਢ ਕੇ ਆਪਣੇ ਵਿਰੋਧੀਆਂ ਨੂੰ ਕਰਾਰਾ ਜਵਾਬ ਦੇਣ ਦੀ ਕੋਸ਼ਿਸ਼ ਕੀਤੀ। ਆਪਣੇ ਵੱਡੇ ਭਰਾ ਰਾਮਵਿਲਾਸ ਦੇ ਤੇਲ ਚਿੱਤਰ ਉੱਤੇ ਫੁੱਲ ਭੇਂਟ ਕਰਨ ਵੇਲੇ ਪਸ਼ੂਪਤੀ ਕੁਮਾਰ ਪਾਰਸ ਨੇ ਕਿਹਾ ਕਿ ਉਨ੍ਹਾ ਨੂੰ ਕਿਸੇ ਅਹੁਦੇ ਦੀ ਲੋੜ ਨਹੀਂ, ਵੱਡੇ ਭਰਾ ਦੀ ਬਦੌਲਤ ਅਤੇ ਸਮਰਪਿਤ ਵਰਕਰਾਂ ਦੇ ਪਿਆਰ ਕਾਰਨ ਜੀਵਨ ਵਿੱਚ ਬਹੁਤ ਸਨਮਾਨ ਮਿਲਿਆ।

# ਗੋਮਤੀ ਨਦੀ ਫਰੰਟ ਪ੍ਰੋਜੈਕਟ ਹੇਠ ਸੀ ਬੀ ਆਈ ਵੱਲੋਂ ਦੂਜਾ ਕੇਸ ਦਰਜ



ਨਵੀਂ ਦਿੱਲੀ, 6 ਜੁਲਾਈ (ਪੋਸਟ ਬਿਊਰੋ)- ਭਾਰਤ ਦੀ ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਵੱਲੋਂ ਲਖਨਊ ਵਿੱਚ 1437 ਕਰੋੜ ਰੁਪਏ ਦੇ ਗੋਮਤੀ ਨਦੀ ਫਰੰਟ ਪ੍ਰਾਜੈਕਟ ਵਿੱਚ ਹੋਈ ਹੇਰੀਫੇਰੀ ਬਾਰੇ 189 ਅਧਿਕਾਰੀਆਂ ਤੇ ਠੇਕੇਦਾਰਾਂ ਦੇ ਖਿਲਾਫ ਦੂਸਰਾ ਕੇਸ ਦਰਜ ਕੀਤਾ ਗਿਆ ਹੈ। ਉਤਰ ਪ੍ਰਦੇਸ਼ ਵਿੱਚ ਸਮਾਜਵਾਦੀ ਪਾਰਟੀ ਦੀ ਪਿਛਲੀ ਸਰਕਾਰ ਦੇ ਰਾਜ ਦੌਰਾਨ ਇਹ ਪ੍ਰਾਜੈਕਟ ਸ਼ੁਰੂ ਹੋਇਆ ਸੀ, ਜਦੋਂ ਅਖਿਲੇਸ਼ ਯਾਦਵ ਮੁੱਖ ਮੰਤਰੀ ਸਨ।

ਬੀਤੇ ਸ਼ੁੱਕਰਵਾਰ ਨਵਾਂ ਕੇਸ ਦਰਜ ਕਰਨ ਪਿੱਛੋਂ ਮੁੱਢਲੀ ਜਾਂਚ ਦੇ ਆਧਾਰ ਉੱਤੇ ਸੀ ਬੀ ਆਈ ਨੇ ਕੱਲ੍ਹ ਉਤਰ ਪ੍ਰਦੇਸ਼ ਦੇ 13 ਜ਼ਿਲ੍ਹਿਆਂ, ਰਾਜਸਥਾਨ ਦੇ ਅਲਵਰ ਅਤੇ ਪੱਛਮੀ ਬੰਗਾਲ ਦੇ ਕੋਲਕਾਤਾ ਸਮੇਤ 42 ਥਾਵਾਂ ਉੱਤੇ ਛਾਪੇ ਮਾਰੇ ਸਨ। ਅਧਿਕਾਰੀਆਂ ਨੇ ਕਿਹਾ ਕਿ ਤੜਕੇ ਸ਼ੁਰੂ ਹੋਈ ਇਹ ਕਾਰਵਾਈ ਸਾਰਾ ਦਿਨ ਜਾਰੀ ਰਹੀ ਹੈ। ਇਸ ਪ੍ਰਾਜੈਕਟ ਬਾਰੇ ਸੀ ਬੀ ਆਈ ਨੇ ਇਹ ਦੂਸਰਾ ਕੇਸ ਦਰਜ ਕੀਤਾ ਹੈ। ਇਸ ਤੋਂ ਪਹਿਲੇ ਕੇਸ ਵਿੱਚ 1031 ਕਰੋੜ ਰੁਪਏ ਦੇ ਕੰਮਾਂ ਦੀ ਜਾਂਚ ਚੱਲ ਰਹੀ ਹੈ। ਮੌਜੂਦ ਕੇਸ ਵਿੱਚ ਚੀਫ ਇੰਜੀਨੀਅਰ ਸਣੇ 16 ਅਧਿਕਾਰੀਆਂ ਅਤੇ 173 ਠੇਕੇਦਾਰਾਂ ਨੂੰ ਨਾਮਜ਼ਦ ਕੀਤਾ ਗਿਆ ਹੈ। ਇਸ ਵਿੱਚ ਸੀ ਬੀ ਆਈ ਨੇ ਕਿਹਾ ਹੈ ਕਿ ਟੈਂਡਰ ਸੱਦਣ ਵਾਲੇ ਤੀਹ ਨੋਟਿਸ ਜਾਂਚ ਦੇ ਘੇਰੇ ਵਿੱਚ ਹਨ। ਇਨ੍ਹਾਂ ਵਿੱਚੋਂ ਸਿਰਫ ਪੰਜ ਟੈਂਡਰ ਅਖਬਾਰਾਂ ਵਿੱਚ ਛਪੇ ਸਨ, ਜਦ ਕਿ ਸੂਚਨਾ ਅਤੇ ਪ੍ਰਕਾਸ਼ਨ ਵਿਭਾਗ ਦੇ ਹੁਕਮਾਂ ਦੀ ਪਾਲਣਾ ਲਈ ਬਾਕੀ 25 ਜਾਅਲੀ ਪੱਤਰ ਭੇਜੇ ਗਏ ਸਨ। ਜਾਂਚ ਏਜੰਸੀ ਨੇ ਏਦਾਂ ਦੀਆਂ ਕਈ ਹੇਰਾਫੇਰੀਆਂ ਬਾਰੇ ਜਾਣਕਾਰੀ ਦਿੱਤੀ ਹੈ, ਜਿਨ੍ਹਾਂ ਵਿੱਚ ਫਰਜ਼ੀ ਦਸਤਾਵੇਜ਼ਾਂ ਨਾਲ ਟੈਂਡਰ ਦੇਣਾ, ਟੈਂਡਰ ਸੱਦਣ ਲਈ ਨੋਟਿਸ ਛਾਪਣ ਵਿੱਚ ਧਾਂਦਲੀ ਆਦਿ ਸ਼ਾਮਲ ਹਨ। ਇਸ ਮੁਤਾਬਕ ਸ਼ੁਰੂ ਦੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਇੱਕ-ਇੱਕ ਲੱਖ ਰੁਪਏ ਤੋਂ ਵੱਧ ਕੇ 27 ਵਰਕ ਆਰਡਰ, ਟੈਂਡਰ ਕੱਢੇ ਬਿਨਾਂ ਦੇ ਦਿੱਤੇ ਗਏ। ਇਹ ਸਰਕਾਰੀ ਹੁਕਮਾਂ ਦੀ ਉਲੰਘਣਾ ਹੈ ਜਿਨ੍ਹਾਂ ਮੁਤਾਬਕ ਇੱਕ ਲੱਖ ਰੁਪਏ ਤੋਂ ਵੱਧ ਦਾ ਕੋਈ ਵੀ ਕੰਮ ਟੈਂਡਰ ਤੋਂ ਬਿਨਾਂ ਨਹੀਂ ਦਿੱਤਾ ਜਾ ਸਕਦਾ।ਫਰਾਂਸ ਤੋਂ 55.95 ਲੱਖ ਯੂਰੋ (ਇਸ ਵੇਲੇ ਕਰੀਬ 49.3 ਕਰੋੜ ਰੁਪਏ) ਤੋਂ ਵੱਧ ਕੀਮਤ ਉੱਤੇ ਕੌਮਾਂਤਰੀ ਪੱਧਰ ਦਾ ਮਿਊਜ਼ੀਕਲ ਫਾਊਂਟੇਨ ਇੰਪੋਰਟ ਕਰਨ ਦਾ ਮਾਮਲਾ ਵੀ ਇਸ ਵਿੱਚ ਸ਼ਾਮਲ ਹੈ। ਇਸ ਫਾਊਂਟੇਨ ਦੀ ਖਰੀਦ ਲਈ ਟੈਂਡਰ ਮੁੱਲ ਦਾ ਨੋਟਿਸ ਤਤਕਾਲੀ ਸੁਪਰਟੈਂਡਿੰਗ ਇੰਜੀਨੀਅਰ ਅਖਿਲ ਰਮਨ ਨੇ ਜਾਰੀ ਕੀਤਾ ਸੀ। ਇਸ ਦਾ ਅਨੁਮਾਨ ਇੱਕ ਹੋਰ ਸੁਪਰਟੈਂਡਿੰਗ ਇੰਜੀਨੀਅਰ ਰੂਪ ਸਿੰਘ ਯਾਦਵ ਨੇ ਮਨਜ਼ੂਰ ਕੀਤਾ ਸੀ ਅਤੇ ਤਤਕਾਲੀ ਚੀਫ ਇੰਜੀਨੀਅਰ ਐਸ ਐਨ ਸ਼ਰਮਾ ਨੇ ਪਹਿਲਾਂ ਦੀ ਮਨਜ਼ੂਰੀ ਨਾਲ ਆਰਡਰ ਕੀਤਾ ਸੀ।

ਸਿਰਸਾ ਦਾ ਮਾਮਲਾ :

# ਅਭੈ ਚੌਟਾਲਾ ਦਾ ਪੀ ਐਸ ਓ ਰਿਹਾ ਸੀ ਆਈ ਏ ਇੰਚਾਰਜ ਦੋ ਲੱਖ ਦੀ ਰਿਸ਼ਵਤ ਲੈਂਦਾ ਫੜਿਆ

ਸਿਰਸਾ, 6 ਜੁਲਾਈ (ਪੋਸਟ ਬਿਊਰੋ)- ਹਰਿਆਣਾ ਸਟੇਟ ਵਿਜੀਲੈਂਸ ਟੀਮ ਨੇ ਕੱਲ੍ਹ ਸਿਰਸਾ ਦੇ ਡਬਵਾਲੀ ਵਿੱਚ ਤੈਨਾਤ ਸੀ ਆਈ ਏ ਇੰਚਾਰਜ ਸਬ ਇੰਸਪੈਕਟਰ ਅਜੈ ਕੁਮਾਰ ਨੂੰ ਦੋ ਲੱਖ ਰੁਪਏ ਰਿਸ਼ਵਤ ਲੈਂਦੇ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਹੈ। ਉਹ ਨਸ਼ਾ ਤਸਕਰੀ ਦੇ ਕੇਸ ਵਿੱਚ ਕੋਰਟ ਤੋਂ ਭਗੌੜਾ ਐਲਾਨੇ ਬਲਦੇਵ ਸਿੰਘ ਦੇ ਪਰਵਾਰ ਨੂੰ ਜੇਲ੍ਹ ਭੇਜਣ ਦੇ ਦਬਕੇ ਨਾਲ ਰੁਪਏ ਮੰਗਦਾ ਸੀ। ਅਜੈ ਕੁਮਾਰ 10 ਸਾਲ ਤਕ ਇਨੈਲੋ ਪਾਰਟੀ ਦੇ ਸੀਨੀਅਰ ਨੇਤਾ ਅਤੇ ਸਾਬਕਾ ਵਿਧਾਇਕ ਅਭੈ ਸਿੰਘ ਚੌਟਾਲਾ ਦੇ ਪੀ ਐਸ ਓ ਦੇ ਰੂਪ ਵਿੱਚ ਤੈਨਾਤ ਰਹਿ ਚੁੱਕਾ ਹੈ।

ਸਬ ਇੰਸਪੈਕਟਰ ਵਜੋਂ ਪ੍ਰਮੋਟ ਹੋਣ ਤੋਂ ਬਾਅਦ ਅਜੈ ਕੁਮਾਰ ਪਹਿਲਾਂ ਕਾਲਾਂਵਾਲੀ ਸੀ ਆਈ ਏ ਅਤੇਉਸ ਦੇ ਬਾਅਦ ਡਬਵਾਲੀ ਵਿੱਚ ਸੀ ਆਈ ਏ ਇੰਚਾਰਜ ਲਾਇਆ ਗਿਆ ਸੀ। ਉਸ ਉੱਤੇ ਨਸ਼ਾ ਤਸਕਰੀ ਤੇ ਕਰਾਈਮ ਰੋਕਣ ਦੀ ਜ਼ਿੰਮੇਵਾਰੀ ਸੀ। ਹੁੱਡਾ (ਹਰਿਆਣਾ ਅਰਬਨ ਡਿਵੈਲਪਮੈਂਟ ਅਥਾਰਟੀ) ਸੈਕਟਰ-20 ਦੇ ਰਹਿਣ ਵਾਲੇ ਤੇ ਸ਼ਿਕਾਇਤਕਰਤਾ ਸੁਖਬੀਰ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਬਲਦੇਵ ਸਿੰਘ ਨੂੰ ਕਰੀਬ ਛੇ ਸਾਲ ਪਹਿਲਾਂ ਅਫੀਮ ਤਸਕਰੀ ਦੇ ਕੇਸ ਦਾਦੋਸ਼ੀ ਮੰਨ ਕੇ ਕੋਰਟ ਨੇ 10 ਸਾਲ ਦੀ ਸਜ਼ਾ ਸੁਣਾਈ ਸੀ। ਇਸੇ ਬਾਰੇ ਕੋਰਟ ਨੇ ਉਸ ਨੂੰ ਭਗੌੜਾ ਐਲਾਨ ਕੀਤਾ ਸੀ, ਡੇਢ ਮਹੀਨੇ ਪਹਿਲਾਂ ਸੀ ਆਈ ਏ ਡਬਵਾਲੀ ਇੰਚਾਰਜ ਅਜੈ ਨੇ ਉਸ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਸੀ। ਅੱਜਕੱਲ੍ਹ ਉਹ ਪਰਵਾਰ ਨੂੰ ਵੀ ਜੇਲ੍ਹ ਭੇਜਣ ਦੀ ਧਮਕੀ ਦੇਣ ਲੱਗਾ। ਇਸ ਦੇ ਬਦਲੇ ਇੱਕ ਲੱਖ ਰੁਪਏ ਦੀ ਡਿਮਾਂਡ ਕੀਤੀ। ਡਰਦੇ ਹੋਏ ਉਨ੍ਹਾਂ ਨੇ ਇੱਕ ਲੱਖ ਰੁਪਏ ਦੇ ਦਿੱਤੇ। ਕੁਝ ਦਿਨ ਬਾਅਦ ਦੋ ਲੱਖ ਦੀ ਡਿਮਾਂਡ ਕੀਤੀ। ਉਨ੍ਹਾਂ ਨੇ ਵਿਜੀਲੈਂਸ ਦੇ ਡੀ ਜੀ ਪੀ, ਪੀ ਕੇ ਅਗਰਵਾਲ ਨੂੰ ਦੱਸਿਆ। ਡੀ ਐਸ ਪੀ ਕੈਲਾਸ਼ ਚੰਦਰ ਦੀ ਅਗਵਾਈ 'ਚ ਟੀਮ ਬਣਾਈ ਗਈ। ਅਜੈ ਨੇ ਉਨ੍ਹਾਂ ਨੂੰ ਰਿਸ਼ਵਤ ਦੇ ਰੁਪਏ ਦੇਣ ਲਈ ਸਿਰਸਾ ਅਨਾਜ ਮੰਡੀ ਵਿੱਚ ਆੜ੍ਹਤ ਦੀ ਦੁਕਾਨ ਉੱਤੇ ਬੁਲਾਇਆ ਅਤੇ ਫਿਰ ਸਟੇਟ ਵਿਜੀਲੈਂਸ ਦੀ ਟੀਮ ਨੇ ਸਬ ਇੰਸਪੈਕਟਰ ਅਜੈ ਨੂੰ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਫੜ ਲਿਆ।

# ਬੇਜੋਸ ਨੇ ਅਹੁਦਾ ਛੱਡਿਆ, ਲੋਕ ਭਲਾਈ ਵਾਲੇ ਤੇ ਦੂਸਰੇ ਕੰਮ ਕਰਦੇ ਰਹਿਣਗੇ, ਐਂਡੀ ਬਣੇ ਸੀ ਈ ਓ



ਨਿਊ ਯਾਰਕ, 6 ਜੁਲਾਈ (ਪੋਸਟ ਬਿਊਰੋ)- ਅਮੇਜਨ ਦੇ ਸੀ ਈ ਓ ਅਤੇ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਜੈਫ ਬੇਜੋਸ ਨੇ ਕੱਲ੍ਹ ਆਪਣਾ ਅਹੁਦਾ ਛੱਡ ਦਿੱਤਾ ਹੈ। 27 ਸਾਲ ਪਹਿਲਾਂ ਪੰਜ ਜੁਲਾਈ ਨੂੰ ਹੀ ਉਨ੍ਹਾਂ ਨੇ ਕੰਪਨੀ ਸ਼ੁਰੂ ਕੀਤੀ ਸੀ। ਉਸ ਵੇਲੇ ਉਨ੍ਹਾਂ ਦੇ ਬਣਾਏ ਨਿਯਮ ਅੱਜ ਵੀ ਕੰਪਨੀ ਦੇ ਮੂਲ ਸਿਧਾਂਤ ਬਣੇ ਹੋਏ ਹਨ। ਅਮੇਜ਼ਨ ਦੇ ਨਵੇਂ ਸੀ ਈ ਓ ਐਂਡੀ ਜੈਸੀ ਨੇ ਵੀ ਅਹੁਦਾ ਸੰਭਾਲ ਲਿਆ ਹੈ। ਬੇਜੋਸ ਚੇਅਰਮੈਨ ਅਤੇ ਸਭ ਤੋਂ ਵੱਡੇ ਸ਼ੇਅਰ ਹੋਲਡਰ ਬਣੇ ਰਹਿਣਗੇ। ਉਹ ਅੱਗੇ ਤੋਂ ਆਪਣਾ ਧਿਆਨ ਪਰ-ਉਪਕਾਰ ਦੇ ਨਾਲ ਦੂਸਰੇ ਕੰਮਾਂ ਵਿੱਚ ਲਾਉਣਗੇ।

ਵਰਨਣ ਯੋਗ ਹੈ ਕਿ ਜੈਫ ਨੇ ਸਾਲ 1994 ਵਿੱਚ ਕਿਤਾਬਾਂ ਦੇ ਆਨਲਾਈਨ ਮਾਰਕੀਟ ਪਲੇਸ ਦੇ ਤੌਰ ਉਤੇ ਗੈਰਾਜ ਤੋਂ ਕੰਪਨੀ ਸ਼ੁਰੂ ਕੀਤੀ ਸੀ। ਉਨ੍ਹਾਂ ਦੇ ਤਕਨੀਕੀ ਸਲਾਹਕਾਰ ਕਾਲਿਨ ਬ੍ਰੇਅਰ ਦੱਸਦੇ ਹਨ, 'ਜੈਫ ਨੇ ਗਾਹਕਾਂ ਨੂੰ ਪਹਿਲੇ ਦਿਨ ਤੋਂ ਮਹੱਤਵ ਦਿੱਤਾ ਅਤੇ ਉਨ੍ਹਾਂ ਦੀ ਰਾਇ ਨਾਲ ਆਪਣੇ ਪ੍ਰੋਡਕਟ ਚੁਣੇ। ਉਨ੍ਹਾਂ ਨੂੰ ਛੋਟੀਆਂ ਟੀਮਾਂ ਪਸੰਦ ਹਨ। ਉਨ੍ਹਾਂ ਨੇ ਨਿਯਮ ਬਣਾਇਆ ਕਿ ਕੋਈ ਵੀ ਮੀਟਿੰਗ ਬਿਨਾਂ ਨਤੀਜੇ ਦੇ ਖਤਮ ਨਾ ਹੋਵੇ।' ਬ੍ਰੇਅਰ ਦੱਸਦੇ ਹਨ, ਉਹ ਪਾਵਰਪੁਆਇੰਟ ਪ੍ਰੈਜ਼ੈਂਟੇਸ਼ਨ ਤੋਂ ਨਫਰਤ ਕਰਦੇ ਹਨ। ਇਸ ਦੀ ਥਾਂ ਉਹ ਅਧਿਕਾਰੀਆਂ ਨਾਲ ਚਰਚਾ ਲਈ ਲਿਖਤੀ ਨੋਟ ਪਸੰਦ ਕਰਦੇ ਹਨ। 2004 ਵਿੱਚ ਅਮੇਜਨ ਦੀ ਮੈਂਬਰ ਰਹੀ ਨਾਦਿਆ ਦੱਸਦੀ ਹੈ, 'ਬੇਜੋਸ ਕਦੇ-ਕਦੇ ਇੱਕ ਬੈਠਕ ਵਿੱਚ ਹਰ ਵਿਅਕਤੀ ਦੇ ਕੋਲ ਜਾ ਕੇ ਸਵਾਲ ਪੁੱਛਦੇ ਸਨ ਅਤੇ ਜੋ ਲੋਕ ਉਨ੍ਹਾਂ ਨਾਲ ਬਹਿਸ ਕਰਦੇ ਹਨ, ਉਨ੍ਹਾਂ ਨੂੰ ਉਹ ਪਸੰਦ ਕਰਦੇ ਹਨ।

# ਪਾਕਿਸਤਾਨ ਵਿੱਚ ਪਾਣੀ ਦੀ ਕਮੀ ਨਾਲ ਅਕਾਲ ਵਰਗੇ ਹਾਲਾਤ ਬਣੇ



ਇਸਲਾਮਾਬਾਦ, 6 ਜੁਲਾਈ (ਪੋਸਟ ਬਿਊਰੋ)- ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਸਮੇਂ ਸਿਰ ਸਮੱਸਿਆ ਦਾ ਹੱਲ ਨਾ ਨਿਕਲਿਆ ਤਾਂ ਪਾਕਿਸਤਾਨ ਨੂੰ ਪਾਣੀ ਦੀ ਕਮੀ ਨਾਲ ਅਕਾਲ ਵਰਗੇ ਹਾਲਾਤ ਦਾ ਸਾਹਮਣਾ ਕਰਨਾ ਪਵੇਗਾ।

ਜਿਓ ਨਿਊਜ਼ ਨੇ ਮਾਹਰਾਂ ਦੀ ਇਸ ਰਿਪੋਰਟ ਨੂੰ ਵਿਸਥਾਰ ਨਾਲ ਛਾਪਿਆ ਹੈ। ਰਿਪੋਰਟ ਮੁਤਾਬਕ ਘੱਟ ਬਾਰਸ਼ ਦੇ ਕਾਰਨ ਦੇਸ਼ ਦੀਆਂ ਨਦੀਆਂ ਸੁੱਕਣ ਦਾ ਖਤਰਾ ਹੋ ਗਿਆ ਹੈ। ਅਖਬਾਰ ਦੇ ਸੂਤਰਾਂ ਮੁਤਾਬਕ ਦੇਸ਼ ਵਿੱਚ ਪ੍ਰਤੀ ਵਿਅਕਤੀ ਪਾਣੀ ਦੀ ਮੌਜੂਦਗੀ ਬਹੁਤ ਘੱਟ ਹੈ ਜਾਂ ਕਹਿ ਸਕਦੇ ਹਾਂ ਕਿ ਖਤਰਨਾਕ ਸਥਿਤੀ ਵਿੱਚ ਪਹੁੰਚ ਗਈ ਹੈ। ਪੰਜਾਬ ਸੂਬੇ ਵਿੱਚ ਤਾਂ ਜ਼ਮੀਨ ਹੇਠਲਾ ਪਾਣੀ 600 ਫੁੱਟ ਤਕ ਹੇਠਾਂ ਚਲਾ ਗਿਆ ਹੈ। ਇੱਥੇ ਪਹਿਲਾਂ ਸਿਰਫ ਪੰਜਾਹ ਫੁੱਟ ਦੂਰ ਜ਼ਮੀਨ ਹੇਠੋਂ ਪਾਣੀ ਮਿਲ ਜਾਂਦਾ ਸੀ। ਹਰ ਸਾਲ ਸਾਉਣੀ ਤੇ ਹਾੜ੍ਹੀ ਦੀ ਫਸਲ ਵਿੱਚ 45 ਫੀਸਦੀ ਤਕ ਪਾਣੀ ਦੀ ਕਮੀ ਰਹਿੰਦੀ ਹੈ।

ਮਾਹਰਾਂ ਨੇ ਕਿਹਾ ਹੈ ਕਿ ਜੇ ਸਮਾਂ ਰਹਿੰਦਿਆਂ ਨਵੀਆਂ ਜਲਗਾਹਾਂ ਬਣਾਉਣ ਤੇ ਪਾਣੀ ਦੀ ਬਰਬਾਦੀ ਨਾ ਰੋਕੀ ਗਈ ਤਾਂ ਹਾਲਾਤ ਅਕਾਲ ਤਕ ਹੋ ਜਾਣਗੇ। ਵਰਨਣ ਯੋਗ ਹੈ ਕਿ ਭਾਰਤ ਤੇ ਪਾਕਿ-ਸਤਾਨ ਕਿਸੇ ਵੇਲੇ ਪਾਣੀ ਦੀ ਬਹੁਤਾਤ ਵਾਲੇ ਵੱਡੇ ਦੇਸ਼ ਸਨ। ਇੱਥੇ ਪਾਣੀ ਦੇ ਕੁਦਰਤੀ ਸੋਮੇ ਸਨ, ਪਰ ਦੋਵਾਂ ਦੇਸ਼ਾਂ ਵਿੱਚ ਬੀਤੇ ਪੰਜਾਹ ਸਾਲਾਂ ਵਿੱਚ ਧਰਤੀ ਹੇਠੋਂ ਏਨੀ ਵੱਡੀ ਮਾਤਰਾ ਵਿੱਚ ਪਾਣੀ ਕੱਢਿਆ ਗਿਆ ਕਿ ਹਾਲਾਤ ਚਿੰਤਾ ਵਾਲੇ ਹੋ ਗਏ। ਦੂਜੇ ਪਾਸੇ ਗਲੋਬਲ ਵਾਰਮਿਗ ਦੀ ਤਪਸ਼ ਕਾਰਨ ਗਲੇਸ਼ੀਅਰ ਸੁੰਗੜਦੇ ਜਾ ਰਹੇ ਹਨ। ਬਾਰਸ਼ ਘੱਟ ਹੋ ਰਹੀ ਹੈ ਜਿਸ ਕਾਰਨ ਦਰਿਆਵਾਂ ਦੇ ਪਾਣੀ ਵੀ ਪਹਿਲਾਂ ਦੇ ਮੁਕਾਬਲੇ ਬਹੁਤ ਘੱਟ ਗਏ ਹਨ।

# ਭਾਰਤ ਵਿੱਚ ਬੀਮਾ ਕੰਪਨੀਆਂ ਅਤੇ ਬੈਂਕਾਂ ਦੇ ਨਿੱਜੀਕਰਨ ਦੀ ਤਿਆਰੀ

ਨਵੀਂ ਦਿੱਲੀ, 6 ਜੁਲਾਈ (ਪੋਸਟ ਬਿਊਰੋ)- ਭਾਰਤ ਦੀਆਂ ਸਰਕਾਰੀ ਇੰਸ਼ੋਰੈਂਸ ਕੰਪਨੀਆਂ ਦੇ ਨਿੱਜੀਕਰਨ ਲਈ ਸਰਕਾਰ ਅਗਲੇ ਦਿਨੀਂ ਜਨਰਲ ਇੰਸ਼ੋਰੈਂਸ ਬਿਜਨੈਸ ਐਕਟ ਵਿੱਚ ਸੋਧਾਂ ਕਰਨਜਾ ਰਹੀ ਹੈ। ਇਸ ਬਾਰੇ ਬਿੱਲ ਮੌਨਸੂਨ ਇਜਲਾਸ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਮੌਨਸੂਨ ਇਜਲਾਸ 19 ਜੁਲਾਈ ਤੋਂ ਸ਼ੁਰੂ ਹੋਣ ਦੀ ਸੰਭਾਵਨਾ ਹੈ।

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ 2021-22 ਦੇ ਬਜਟ ਭਾਸ਼ਣ ਵਿੱਚ ਨਿੱਜੀਕਰਨ ਬਾਰੇ ਕਈ ਐਲਾਨ ਕੀਤੇ ਸਨ, ਜਿਸ ਵਿੱਚ ਦੋ ਸਰਕਾਰੀ ਬੈਂਕਾਂ ਅਤੇ ਇੱਕ ਜਰਨਲ ਇੰਸ਼ੋਰੈਂਸ ਕੰਪਨੀ ਦਾ ਨਿੱਜੀਕਰਨ ਸ਼ਾਮਲ ਹੈ। ਵਿੱਤੀ ਖੇਤਰ ਵਿੱਚ ਵਿਨਿਵੇਸ਼ ਰਣਨੀਤੀ ਤਹਿਤ ਸਰਕਾਰ ਨੇ ਭਾਰਤੀ ਜੀਵਨ ਬੀਮਾ ਨਿਗਮ (ਐਲ ਆਈ ਸੀ) ਦਾ ਆਈ ਪੀ ਓ ਲਿਆਉਣ ਦਾ ਫ਼ੈਸਲਾ ਕੀਤਾ ਅਤੇ ਆਈ ਡੀ ਬੀ ਆਈ ਬੈਂਕ ਵਿੱਚ ਆਪਣੀ ਬਾਕੀ ਬਚੀ ਹਿੱਸੇਦਾਰੀ ਵੀ ਸਰਕਾਰ ਵੇਚਣਾ ਚਾਹੁੰਦੀ ਹੈ। ਨਿੱਜੀਕਰਨ ਵੱਲ ਤੇਜ਼ੀ ਨਾਲ ਕਦਮ ਵਧਾ ਰਹੀ ਸਰਕਾਰ ਨੇ ਸਾਲ 2022 ਲਈ ਵਿੱਤੀ ਸੰਸਥਾਵਾਂ ਤੇ ਸਰਕਾਰੀ ਕੰਪਨੀਆਂ ਵਿੱਚ ਹਿੱਸਾ ਵਿਕਰੀ ਤਹਿਤ 1.75 ਲੱਖ ਕਰੋੜ ਰੁਪਏ ਇਕੱਠੇ ਕਰਨ ਦਾ ਟੀਚਾ ਰੱਖਿਆ ਹੈ। ਨੀਤੀ ਆਯੋਗ ਨੂੰ ਨਿੱਜੀਕਰਨ ਲਈ ਦੋ ਸਰਕਾਰੀ ਬੈਂਕਾਂ ਤੇ ਇੱਕ ਜਰਨਲ ਇੰਸ਼ੋਰੈਂਸ ਕੰਪਨੀ ਦਾ ਨਾਮ ਦੇਣ ਨੂੰ ਕਿਹਾ ਗਿਆ ਸੀ। ਮੰਨਿਆ ਜਾ ਰਿਹਾ ਹੈ ਕਿ ਵਿਨਿਵੇਸ਼ ਉੱਤੇ ਬਣੇ ਸੈਕਟਰੀਆਂ ਦੇ ਕੋਰ ਗਰੁੱਪ ਨੂੰ 'ਯੂਨਾਈਟਿਡ ਇੰਡੀਆ ਇੰਸ਼ੋਰੈਂਸ' ਦਾ ਨਾਂ ਨਿੱਜੀਕਰਨ ਲਈ ਅੱਗੇ ਵਧਾਇਆ ਗਿਆ ਹੈ। ਇਸ ਦੇ ਇਲਾਵਾ ਸਰਕਾਰ ਬੈਂਕਿੰਗ ਰੈਗੂਲੇਸ਼ਨ ਐਕਟ, 1949 ਵਿੱਚ ਵੀ ਸੋਧ ਕਰਨ ਵੱਲ ਅੱਗੇ ਵਧ ਰਹੀ ਹੈ, ਤਾਂ ਜੋ ਦੋ ਸਰਕਾਰੀ ਬੈਂਕਾਂ ਦਾ ਵੀ ਨਿੱਜੀਕਰਨ ਕੀਤਾ ਜਾ ਸਕੇ।

## ਮਰਹੂਮ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਦਾ ਪੁੱਤ ਅਭਿਜੀਤ ਵੀ ਮਮਤਾ ਦੀ ਪਾਰਟੀ ਵਿੱਚ ਸ਼ਾਮਲ

ਕੋਲਕਾਤਾ, 6 ਜੁਲਾਈ (ਪੋਸਟ ਬਿਊਰੋ)- ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਦੇ ਪੁੱਤਰ ਅਭਿਜੀਤ ਮੁਖਰਜੀ ਨੇ ਕਾਂਗਰਸ ਪਾਰਟੀ ਛੱਡ ਦਿੱਤੀ ਹੈ। ਕੱਲ੍ਹ ਉਹ ਤ੍ਰਿਣਮੂਲ ਕਾਂਗਰਸ (ਟੀ ਐਮ ਸੀ) ਵਿੱਚ ਸ਼ਾਮਲ ਹੋ ਗਏ ਹਨ। ਕਾਂਗਰਸ ਵਿੱਚ ਰਹਿੰਦੇ ਹੋਏ ਅਭਿਜੀਤ ਪੱਛਮੀ ਬੰਗਾਲ ਦੇ ਜੰਗੀਪੁਰ ਤੋਂ ਪਾਰਲੀਮੈਂਟ ਮੈਂਬਰ ਰਹਿ ਚੁੱਕੇ ਹਨ। ਅਭਿਜੀਤ ਮੁਖਰਜੀ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਭਤੀਜੇ ਅਤੇ ਟੀ ਐਮ ਸੀ ਪਾਰਟੀ ਦੇ ਰਾਸ਼ਟਰੀ ਜਨਰਲ ਸੈਕਟਰੀ ਅਭਿਸ਼ੇਕ ਬੈਨਰਜੀ ਨਾਲ ਬੈਠਕ ਕੀਤੀ ਤਾਂ ਕਿਆਸ ਲੱਗਣ ਲੱਗੇ ਸਨ ਕਿ ਉਹ ਤ੍ਰਿਣਮੂਲ ਕਾਂਗਰਸ ਵਿੱਚ ਸ਼ਾਮਲ ਹੋ ਸਕਦੇ ਹਨ। ਕੱਲ੍ਹ ਇਨ੍ਹਾਂ ਕਿਆਸਾਂਮੁਤਾਬਕ ਅਭਿਜੀਤ ਨੇ ਕਾਂਗਰਸ ਛੱਡੀ ਅਤੇ ਟੀ ਐਮ ਸੀ ਦਾ ਪੱਲਾ ਫੜ ਲਿਆ ਹੈ।ਕੋਲਕਾਤਾ ਵਿੱਚ ਕਰਵਾਏ ਇੱਕ ਪ੍ਰੋਗਰਾਮ ਵਿੱਚ ਅਭਿਜੀਤ ਮੁਖਰਜੀ ਟੀ ਐਮ ਸੀ ਆਗੂ ਪਾਰਥ ਚੈਟਰਜੀ ਦੀ ਮੌਜੂਦਗੀ ਵਿੱਚ ਪਾਰਟੀ ਵਿੱਚ ਸ਼ਾਮਲ ਹੋ ਗਏ।






ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀਜ਼ ਇੰਸਟ੍ਰਕਟਰ
647-998-7500
ਬਲਵਿੰਦਰ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202

WWW.KULWINDERCHHINA.COM

KULWINDERCHHINA
BROKER
647.293.2327

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਪੀਜ਼ਾ ਡਿਲੀਵਰੀ ਡਰਾਇਵਰਾਂ ਦੀ ਲੋੜ
MAPLE ਵਿਚ ਇਕ ਬਿਜ਼ੀ ਪੀਜ਼ਾ ਸਟੋਰ ਲਈ ਡਿਲੀਵਰੀ ਡਰਾਇਵਰਾਂ ਦੀ ਤੁਰੰਤ ਲੋੜ ਹੈ। ਇਹ ਫੁਲ ਟਾਈਮ ਜੌਬ ਹੈ। ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਸਟੋਰ ਅੰਦਰ ਕੰਮ ਕਰਨ ਵਾਸਤੇ ਲੇਡੀ ਵਰਕਰਾਂ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ 11 ਵਜੇ ਤੋਂ ਲੈ ਕੇ ਸ਼ਾਮ 8 ਵਜੇ ਤੱਕ ਫੋਨ ਕਰ ਸਕਦੇ ਹੋ।
ਸੰਪਰਕ: 6477043799, 6477059736

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)




# Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿਖ ਲੜਕਾ, ਉਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੇ ਦੀ ਲੋੜ

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

UPPAL LAW

AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Family Sponsorship
* Permanent Residence Card Renewal
* Citizenship Application
* Spousal Applications
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters

AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

WANTED
Panjabi Nannies, Caregivers, Cleaning ladies and Cooks for GTA. Please contact at the earliest at:
416-275-7010

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

